ਤੁਹਾਡੇ ਬੱਚੇ ਦੀ

ਗੈਸਟ੍ਰੋਸਟੋਮੀ ਟਿਊਬ

ਨਾਲ ਜਾਣ-ਪਛਾਣ

UC DAVIS HEALTH | CHILDREN'S HOSPITAL

CONTENTS

ਗੱਲਾਂ ਜੋ ਤੁਸੀਂ ਘਰ ਜਾਣ ਤੋਂ ਪਹਿਲਾਂ ਸਿੱਖੋਗੇ ... 1
ਗੈਸਟ੍ਰੋਸਟੋਮੀ ਕੀ ਹੁੰਦੀ ਹੈ? ... 2
ਮੇਰੇ ਬੱਚੇ ਨੂੰ ਗੈਸਟ੍ਰੋਸਟੋਮੀ ਟਿਊਬ ਦੀ ਲੋੜ ਕਿਉਂ ਹੈ? ... 2
G-ਟਿਊਬ ਕੀ ਹੁੰਦੀ ਹੈ? ... 2
ਗੈਸਟ੍ਰੋਸਟੋਮੀ ਟਿਊਬ ਕਿਵੇਂ ਲਗਾਈ ਜਾਂਦੀ ਹੈ? ... 3
ਸਰਜਰੀ ਤੋਂ ਬਾਅਦ ਕੀ ਹੋਵੇਗਾ? ... 3
ਘਰ ਪਹੁੰਚਣ 'ਤੇ, ਮੈਨੂੰ ਡਾਕਟਰ ਨੂੰ ਕਦੋਂ ਬੁਲਾਉਣਾ ਚਾਹੀਦਾ ਹੈ? ... 4
ਗੈਸਟ੍ਰੋਸਟੋਮੀ ਟਿਊਬਾਂ ... 5
ਨੀਵੇਂ ਪ੍ਰੋਫਾਈਲ ਵਾਲਾ ਡਿਵਾਈਸ (MIC-KEY ਬਟਨ ਜਾਂ Mini-One) ... 6-7
ਐਕਸਟੈਂਸ਼ਨ ਸੈੱਟ ਅਤੇ ਸਾਫ਼-ਸਫ਼ਾਈ ਦੀਆਂ ਪ੍ਰਕਿਰਿਆਵਾਂ ... 8-9
ਪਰਕਿਊਟੇਨਿਅਸ ਐਂਡੋਸਕੋਪਿਕ ਗੈਸਟ੍ਰੋਸਟੋਮੀ ਟਿਊਬ (PEG ਟਿਊਬ) ... 10-11
ਟਿਊਬ ਰਾਹੀਂ ਭੋਜਨ ਖੁਆਉਣਾ ... 12-13
ਸਿਰਿੰਜ ਨਾਲ ਗੁਰੂਤਾ ਦੁਆਰਾ ਬੋਲਸ ਫੀਡਿੰਗ ... 14-15
ਗੁਰੂਤਾ ਬੈਗ ਦੁਆਰਾ ਬੋਲਸ ਫੀਡਿੰਗ ... 16-17
ਐਂਟਰਲ (ਅੰਤੜੀਆਂ ਸੰਬੰਧੀ) ਪੰਪ ਫੀਡਿੰਗ ... 18-19
ਟਿਊਬ ਵਿੱਚੋਂ ਹਵਾ ਕੱਢਣੀ ... 20
ਦਵਾਈ ਦੇਣੀ ... 21
ਗੈਸਟ੍ਰੋਸਟੋਮੀ ਟਿਊਬ ਦੇ ਅਨੁਕੂਲ ਬਣਨ ਲਈ ਸੁਝਾਅ ... 22-23
ਤੁਹਾਡੀ G-ਟਿਊਬ ਸੰਬੰਧੀ ਸਮੱਸਿਆ ਨੂੰ ਹੱਲ ਕਰਨਾ ... 24-25
ਜ਼ਰੂਰੀ ਪਰਿਭਾਸ਼ਾਵਾਂ ਅਤੇ ਅਕਸਰ ਪੁੱਛੇ ਜਾਣ ਵਾਲੇ ਸਵਾਲ ... 26-27
G-ਟਿਊਬ ਘਰੇਲੂ ਐਮਰਜੈਂਸੀ ਕਿਟ ... 28-29
ਮਹੱਤਵਪੂਰਨ ਜਾਣਕਾਰੀ/ਮਦਦ ਲਈ ਕਿਸ ਨੂੰ ਕਾੱਲ ਕਰਨੀ ਹੈ ... 30-31

ਗੱਲਾਂ ਜੋ ਤੁਸੀਂ ਘਰ ਜਾਣ ਤੋਂ ਪਹਿਲਾਂ ਸਿੱਖੋਗੇ:

- G-ਟਿਊਬ ਦੀ ਦੇਖਭਾਲ ਕਰਨ ਅਤੇ ਥਾਂ ਦੇ ਆਲੇ-ਦੁਆਲੇ ਦੀ ਚਮੜੀ ਨੂੰ ਸਾਫ਼ ਕਰਨ ਦਾ ਤਰੀਕਾ
- G-ਟਿਊਬ ਰਾਹੀਂ ਖੁਰਾਕ, ਤਰਲ ਅਤੇ ਦਵਾਈ ਦੇਣ ਦਾ ਤਰੀਕਾ
- ਪੇਟ ਵਿੱਚੋਂ ਹਵਾ ਕੱਢਣ ਦਾ ਤਰੀਕਾ
- ਟਿਊਬ ਨੂੰ ਸੁਰੱਖਿਅਤ ਕਰਨ ਦਾ ਤਰੀਕਾ ਤਾਂ ਜੋ ਇਸ ਨੂੰ ਠੀਕ ਕਰਨ ਵਿੱਚ ਮਦਦ ਕੀਤੀ ਜਾ ਸਕੇ ਅਤੇ ਬਾਹਰ ਡਿੱਗਣ ਤੋਂ ਰੋਕਿਆ ਜਾ ਸਕੇ
- ਜੇ G-ਟਿਊਬ ਬਾਹਰ ਨਿਕਲ ਜਾਵੇ ਤਾਂ ਕੀ ਕਰਨਾ ਹੈ
- ਡਾਕਟਰ ਨੂੰ ਕਾੱਲ ਕਦੋਂ ਕਰਨੀ ਹੈ

ਤੁਹਾਡੇ ਬੱਚੇ ਦੀ ਗੈਸਟ੍ਰੋਸਟੋਮੀ ਟਿਊਬ ਨਾਲ ਜਾਣ-ਪਛਾਣ

ਇਹ ਪੁਸਤਿਕਾ ਤੁਹਾਡੇ ਬੱਚੇ ਦੀ ਗੈਸਟ੍ਰੋਸਟੋਮੀ ਟਿਊਬ, ਘਰ ਵਿੱਚ ਇਸ ਦੀ ਦੇਖਭਾਲ ਕਰਨ ਦੇ ਤਰੀਕੇ, ਅਤੇ ਜੇ ਕੋਈ ਸਮੱਸਿਆ ਹੋਵੇ ਤਾਂ ਕੀ ਕਰਨਾ ਹੈ, ਬਾਰੇ ਜਾਣਨ ਵਿੱਚ ਤੁਹਾਡੀ ਮਦਦ ਕਰੇਗੀ।

ਗੈਸਟ੍ਰੋਸਟੋਮੀ ਕੀ ਹੁੰਦੀ ਹੈ?

- ਗੈਸਟ੍ਰੋਸਟੋਮੀ ਸ਼ਬਦ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ:
  - "ਗੈਸਟ੍ਰੋ" ਦਾ ਮਤਲਬ ਹੈ ਪੇਟ
  - "ਓਸਟੋਮੀ" ਦਾ ਅਰਥ ਹੈ ਮੋਰੀ
  - ਇਕੱਠੇ ਮਿਲ ਕੇ "ਗੈਸਟ੍ਰੋਸਟੋਮੀ" ਦਾ ਮਤਲਬ ਹੈ ਪੇਟ ਵਿੱਚ ਮੋਰੀ
- ਇਸ ਟਿਊਬ ਨੂੰ ਅਕਸਰ G-ਟਿਊਬ ਜਾਂ GT ਕਿਹਾ ਜਾਂਦਾ ਹੈ
- ਚਮੜੀ ਵਿੱਚ ਮੋਰੀ ਨੂੰ ਸਟੋਮਾ ਕਿਹਾ ਜਾਂਦਾ ਹੈ
- ਕਈ ਵਾਰ ਇਸਨੂੰ "ਐਂਟਰਲ (ਅੰਤੜੀਆਂ ਸੰਬੰਧੀ) ਟਿਊਬ" ਕਿਹਾ ਜਾਂਦਾ ਹੈ ਕਿਉਂਕਿ ਇਹ ਭੋਜਨ ਅਤੇ ਤਰਲ ਪਦਾਰਥਾਂ ਨੂੰ ਹਜ਼ਮ ਕਰਨ ਵਾਲੀ ਪ੍ਰਣਾਲੀ ਜਾਂ ਅੰਤੜੀ ਵਿੱਚ ਪਹੁੰਚਾਉਂਦੀ ਹੈ

ਮੇਰੇ ਬੱਚੇ ਨੂੰ ਗੈਸਟ੍ਰੋਸਟੋਮੀ ਟਿਊਬ ਦੀ ਲੋੜ ਕਿਉਂ ਹੈ?

- ਉਸਨੂੰ ਭੋਜਨ ਦੇਣ ਲਈ ਜਦੋਂ ਉਹ ਵਧਣ ਅਤੇ ਸਿਹਤਮੰਦ ਰਹਿਣ ਲਈ ਲੋੜੀਂਦਾ ਭੋਜਨ ਨਹੀਂ ਖਾ ਸਕਦਾ/ਸਕਦੀ
- ਦਵਾਈਆਂ ਦੇਣ ਲਈ
- ਤਰਲ ਪਦਾਰਥ ਦੇਣ ਲਈ
- ਹਵਾ ਜਾਂ ਗੈਸ ਨੂੰ ਬਾਹਰ ਕੱਢਣ ਲਈ ਜੋ ਸ਼ਾਇਦ ਪੇਟ ਵਿੱਚ ਇਕੱਠੀ ਹੋ ਸਕਦੀ ਹੈ (ਜਿਸਨੂੰ "ਵੈਂਟਿੰਗ" ਵੀ ਕਿਹਾ ਜਾਂਦਾ ਹੈ) ਜਾਂ ਪੇਟ ਨੂੰ ਖਾਲੀ ਕਰਨ ਲਈ



G-ਟਿਊਬ ਕੀ ਹੈ?

- ਇੱਕ ਨਰਮ ਲਚਕਦਾਰ ਟਿਊਬ ਜਿਸਨੂੰ ਸਰਜਰੀ ਦੁਆਰਾ ਚਮੜੀ ਵਿੱਚ ਇੱਕ ਛੋਟੀ ਮੋਰੀ ਰਾਹੀਂ ਪੇਟ ਵਿੱਚ ਪਾਇਆ ਜਾਂਦਾ ਹੈ
- G-ਟਿਊਬ ਤਦ ਤੱਕ ਆਪਣੇ ਸਥਾਨ ਤੇ ਰਹਿ ਸਕਦੀ ਹੈ ਜਦ ਤੱਕ ਇਸਦੀ ਲੋੜ ਬੰਦ ਨਾ ਹੋ ਜਾਵੇ

ਗੈਸਟ੍ਰੋਸਟੋਮੀ ਟਿਊਬ ਕਿਵੇਂ ਲਗਾਈ ਜਾਂਦੀ ਹੈ?

- ਸਰਜਨ ਜਾਂ ਬੱਚਿਆਂ ਦੇ ਗੈਸਟ੍ਰੋਐਂਟ੍ਰੋਲੋਜਿਸਟ ਦੁਆਰਾ ਆਪਰੇਸ਼ਨ ਕਮਰੇ ਵਿੱਚ
- ਆਮ ਤੌਰ 'ਤੇ ਤੁਹਾਡਾ ਬੱਚਾ 1 ਤੋਂ 2 ਘੰਟਿਆਂ ਤੱਕ ਆਪਰੇਸ਼ਨ ਕਮਰੇ ਵਿੱਚ ਰਹਿੰਦਾ ਹੈ

ਸਰਜਰੀ ਤੋਂ ਬਾਅਦ ਕੀ ਹੋਵੇਗਾ?

- ਸਰਜਰੀ ਤੋਂ ਬਾਅਦ 24 ਘੰਟਿਆਂ ਤੱਕ ਤੁਹਾਡੇ ਬੱਚੇ ਨੂੰ ਖਾਣ ਜਾਂ ਪੀਣ ਲਈ ਕੁਝ ਵੀ ਨਹੀਂ ਦਿੱਤਾ ਜਾਵੇਗਾ, ਪਰ IV ਰਾਹੀਂ ਤਰਲ ਪਦਾਰਥ ਦਿੱਤੇ ਜਾਣਗੇ
- ਤੁਹਾਡੇ ਬੱਚੇ ਨੂੰ ਇੱਕ ਜਾਂ ਦੋ ਦਿਨ ਤੱਕ ਦਰਦ ਮਹਿਸੂਸ ਹੋ ਸਕਦਾ ਹੈ ਅਤੇ ਉਸ ਖੇਤਰ ਵਿੱਚ ਸੋਜ਼ ਹੋ ਸਕਦੀ ਹੈ
- ਅਸੀਂ ਤੁਹਾਡੇ ਬੱਚੇ ਨੂੰ ਦਰਦ ਘਟਾਉਣ ਵਾਲੀਆਂ ਦਵਾਈਆਂ ਦਿਆਂਗੇ
- G-ਟਿਊਬ ਦੇ ਨੇੜੇ ਕੁਝ ਟਾਂਕੇ ਹੋ ਸਕਦੇ ਹਨ
- ਤੁਸੀਂ ਤੁਰੰਤ G-ਟਿਊਬ ਦੀ ਦੇਖਭਾਲ ਕਰਨਾ ਸਿੱਖਣਾ ਸ਼ੁਰੂ ਕਰ ਦਿਓਗੇ
- ਅਸੀਂ ਸਭ ਤੋਂ ਪਹਿਲਾਂ ਟਿਊਬ ਦੇ ਆਲੇ-ਦੁਆਲੇ ਦੀ ਚਮੜੀ ਨੂੰ ਸਲਾਈਨ ਅਤੇ ਜਾਲੀਦਾਰ ਕੱਪੜੇ ਜਾਂ ਰੂੰ ਦੇ ਸਿਰੇ ਵਾਲੇ ਐਪਲੀਕੇਟਰ ਨਾਲ ਸਾਫ਼ ਕਰਾਂਗੇ
- ਨਵੇਂ ਸਥਾਨ 'ਤੇ ਠੀਕ ਹੋਣ ਤੱਕ ਕੁਝ ਰਿਸਾਅ ਹੋ ਸਕਦਾ ਹੈ
- ਜਿਵੇਂ-ਜਿਵੇਂ ਸਟੋਮਾ ਠੀਕ ਹੁੰਦਾ ਹੈ ਟਿਊਬ ਦੇ ਦੁਆਲੇ ਪੇਟ ਨੂੰ ਬਾਹਰੀ ਚਮੜੀ ਨਾਲ ਜੋੜਨ ਵਾਲਾ ਇੱਕ ਮਾਰਗ ਵਿਕਸਿਤ ਹੋ ਜਾਂਦਾ ਹੈ
- ਤੁਹਾਡੇ ਬੱਚੇ ਦੇ ਸਰੀਰ ਨੂੰ ਪਹਿਲੇ 2 ਹਫ਼ਤਿਆਂ ਤੱਕ ਸਿਰਫ਼ ਸਪੰਜ ਨਾਲ ਹੀ ਸਾਫ਼ ਕੀਤਾ ਜਾ ਸਕਦਾ ਹੈ

ਤੁਹਾਡੇ ਬੱਚੇ ਦੀਆਂ ਨਰਸਾਂ G-ਟਿਊਬ ਦੀ ਦੇਖਭਾਲ ਕਰਨ ਦਾ ਤਰੀਕਾ ਸਿੱਖਣ ਅਤੇ ਇਸਦਾ ਅਭਿਆਸ ਕਰਨ ਵਿੱਚ ਤੁਹਾਡੀ ਮਦਦ ਕਰਨਗੀਆਂ। ਅਸੀਂ ਚਾਹੁੰਦੇ ਹਾਂ ਕਿ ਘਰ ਜਾਣ ਤੋਂ ਪਹਿਲਾਂ ਤੁਸੀਂ ਇਨ੍ਹਾਂ ਨਵੇਂ ਹੁਨਰਾਂ ਵਿੱਚ ਅਰਾਮਦੇਹ ਮਹਿਸੂਸ ਕਰੋ।

ਕੇਸ ਮੈਨੇਜਰ ਤੁਹਾਡੇ ਲਈ ਲੋੜੀਂਦੀਆਂ ਟਿਊਬ ਫੀਡਿੰਗ ਸਪਲਾਈਜ਼ ਦਾ ਪ੍ਰਬੰਧ ਕਰੇਗਾ।

ਗੈਸਟ੍ਰੋਸਟੋਮੀ ਟਿਊਬਾਂ

ਘਰ ਪਹੁੰਚਣ 'ਤੇ, ਮੈਨੂੰ ਡਾਕਟਰ ਨੂੰ ਕਦੋਂ ਕਾੱਲ ਕਰਨਾ ਚਾਹੀਦਾ ਹੈ?

- ਜੇ ਤੁਸੀਂ G-ਟਿਊਬ ਦੇ ਦਿਖਾਈ ਦੇਣ ਜਾਂ ਕੰਮ ਕਰਨ ਦੇ ਤਰੀਕੇ ਬਾਰੇ ਚਿੰਤਤ ਹੋ, ਤਾਂ ਬੱਚਿਆਂ ਦੇ ਗੈਸਟ੍ਰੋਐਂਟ੍ਰੋਲੋਜਿਸਟ ਜਾਂ ਸਰਜਨ ਨੂੰ ਕਾੱਲ ਕਰੋ

- ਸਰਜਨ ਜਾਂ ਬੱਚਿਆਂ ਦੇ ਗੈਸਟ੍ਰੋਐਂਟ੍ਰੋਲੋਜਿਸਟ ਨੂੰ ਕਦੋਂ ਕਾੱਲ ਕਰਨਾ ਹੈ:
  - ਜੇ G-ਟਿਊਬ ਬਾਹਰ ਨਿਕਲ ਜਾਵੇ ਅਤੇ ਹਾਲੇ ਸਰਜਰੀ ਨੂੰ 2 ਮਹੀਨਿਆਂ ਤੋਂ ਘੱਟ ਸਮਾਂ ਹੋਇਆ ਹੈ
  - ਜੇ ਪਹਿਲੀ ਟਿਊਬ ਬਦਲੀ ਤੋਂ ਪਹਿਲਾਂ ਹੀ G-ਟਿਊਬ ਬਾਹਰ ਨਿਕਲ ਜਾਵੇ (ਐਮਰਜੈਂਸੀ ਟਿਊਬ ਲਈ ਹਿਦਾਇਤਾਂ ਦੀ ਪਾਲਣਾ ਕਰੋ ਅਤੇ ਸਰਜਨ ਨੂੰ ਕਾੱਲ ਕਰੋ)
  - ਜੇ G-ਟਿਊਬ ਬਾਹਰ ਨਿਕਲ ਜਾਵੇ ਅਤੇ ਤੁਸੀਂ ਨਵੀਂ ਟਿਊਬ ਨਾ ਪਾ ਸਕੋ ਜਾਂ ਜੇ ਮੋਰੀ ਬੰਦ ਹੋ ਗਈ ਹੋਵੇ
  - ਜੇ G-ਟਿਊਬ ਦੇ ਦੁਆਲੇ ਖ਼ੂਨ ਵਗ ਰਿਹਾ ਹੋਵੇ ਜਾਂ ਬਹੁਤ ਜ਼ਿਆਦਾ ਲਾਲੀ ਹੋਵੇ
  - ਜੇ G-ਟਿਊਬ ਦੇ ਦੁਆਲੇ ਦੀ ਚਮੜੀ ਦੇ ਹੇਠਾਂ ਕੋਈ ਵੀ ਵੱਡੇ ਗੜ੍ਹੰਮ ਹੋਣ



ਬੱਚੇ ਦੀ ਸਰਜਰੀ ਦੁਆਰਾ ਲਗਾਈਆਂ ਗਈਆਂ ਗੈਸਟ੍ਰੋਸਟੋਮੀ ਟਿਊਬਾਂ ਲਈ:
ਕਲੀਨਿਕ ਦੇ ਸਮਿਆਂ ਦੌਰਾਨ ਬੱਚਿਆਂ ਦੀ ਸਰਜਰੀ ਕਲੀਨਿਕ ਨੂੰ ਕਾੱਲ ਕਰੋ।

ਕੰਮਕਾਜੀ ਸਮਿਆਂ ਤੋਂ ਬਾਅਦ, ਹਸਪਤਾਲ ਆਪਰੇਟਰ (916-734-2011) ਨੂੰ

ਬੱਚਿਆਂ ਦੇ ਗੈਸਟ੍ਰੋਐਂਟ੍ਰੋਲੋਜੀ ਵਿਭਾਗ ਦੁਆਰਾ ਲਗਾਈਆਂ ਗਈਆਂ ਗੈਸਟ੍ਰੋਸਟੋਮੀ ਟਿਊਬਾਂ ਲਈ:
ਬੱਚਿਆਂ ਸੰਬੰਧੀ ਗੈਸਟ੍ਰੋਐਂਟ੍ਰੋਲੋਜੀ ਸਲਾਹ ਲਾਈਨ ਨੂੰ ਕਾੱਲ ਕਰੋ।

ਕੰਮਕਾਜੀ ਸਮਿਆਂ ਤੋਂ ਬਾਅਦ, ਹਸਪਤਾਲ ਆਪਰੇਟਰ (916-734-2011) ਨੂੰ ਕਾੱਲ ਕਰੋ ਅਤੇ ਡਿਊਟੀ 'ਤੇ ਮੌਜੂਦ ਬੱਚਿਆਂ ਦੇ ਗੈਸਟ੍ਰੋਐਂਟ੍ਰੋਲੋਜਿਸਟ ਨਾਲ ਗੱਲ ਕਰਨ ਲਈ ਕਹੋ।

ਨੀਵੇਂ ਪ੍ਰੋਫਾਈਲ ਵਾਲਾ ਡਿਵਾਈਸ (ਬਟਨ)



ਪਰਕਿਊਟੇਨਿਅਸ ਐਂਡੋਸਕੋਪਿਕ ਗੈਸਟ੍ਰੋਸਟੋਮੀ ਟਿਊਬ (PEG ਟਿਊਬ)

ਗੈਸਟ੍ਰੋਸਟੋਮੀ ਟਿਊਬਾਂ

ਕਈ ਕਿਸਮ ਦੀਆਂ ਗੈਸਟ੍ਰੋਸਟੋਮੀ ਟਿਊਬਾਂ ਹੁੰਦੀਆਂ ਹਨ। ਡਾਕਟਰ ਤੁਹਾਡੇ ਬੱਚੇ ਲਈ ਸਭ ਤੋਂ ਵਧੀਆ ਟਿਊਬ ਚੁਣਨਗੇ। ਜਿਵੇਂ-ਜਿਵੇਂ ਤੁਹਾਡਾ ਬੱਚਾ ਵੱਡਾ ਹੁੰਦਾ ਹੈ ਅਤੇ ਉਸ ਦੀਆਂ ਮੈਡੀਕਲ ਲੋੜਾਂ ਬਦਲਦੀਆਂ ਜਾਂਦੀਆਂ ਹਨ, G-ਟਿਊਬ ਦੇ ਕਿਸਮ ਜਾਂ ਆਕਾਰ ਨੂੰ ਬਦਲਣਾ ਜ਼ਰੂਰੀ ਹੋ ਸਕਦਾ ਹੈ।

ਨੀਵੇਂ ਪ੍ਰੋਫਾਈਲ ਵਾਲਾ ਡਿਵਾਈਸ (ਜਿਵੇਂ ਕਿ MIC-KEY ਜਾਂ Mini-One ਬਟਨ)

- ਇਹ ਚਮੜੀ ਪੱਧਰ ਦਾ ਇੱਕ ਡਿਵਾਈਸ ਹੈ
- ਇਹ ਪੇਟ ਦੀ ਕੰਧ ਰਾਹੀਂ ਪੇਟ ਵਿੱਚ ਪਾਇਆ ਜਾਂਦਾ ਹੈ
- ਪੇਟ ਦੇ ਅੰਦਰ ਟਿਊਬ ਦੇ ਕਿਨਾਰੇ 'ਤੇ ਇੱਕ ਫੁਲਾਉਣ ਯੋਗ ਗੁਬਾਰਾ ਹੁੰਦਾ ਹੈ ਜਿਸ ਵਿੱਚ G-ਟਿਊਬ ਨੂੰ ਇਸਦੀ ਜਗ੍ਹਾ 'ਤੇ ਬਣਾਈ ਰੱਖਣ ਲਈ ਪਾਣੀ ਭਰਿਆ ਜਾਂਦਾ ਹੈ
- ਗੁਬਾਰਾ ਪੋਰਟ G-ਟਿਊਬ ਦੇ ਪਾਸੇ 'ਤੇ "BAL" ਲੇਬਲ ਵਾਲੀ ਛੋਟੀ ਮੋਰੀ ਹੁੰਦੀ ਹੈ
- ਤਰਲ ਪਦਾਰਥ ਅਤੇ ਭੋਜਨ ਦੇਣ ਲਈ ਚਾਬੀ ਦੇ ਆਕਾਰ ਦੀ ਮੋਰੀ ਵਿੱਚ ਇੱਕ ਐਕਸਟੈਂਸ਼ਨ ਸੈੱਟ ਜੋੜਿਆ ਜਾਂਦਾ ਹੈ
- ਜਦੋਂ ਵਰਤੋਂ ਵਿੱਚ ਨਾ ਹੋਵੇ, ਤਾਂ ਫੀਡਿੰਗ ਪੋਰਟ ਨੂੰ ਨਾਲ ਜੁੜੇ ਢੱਕਣ ਨਾਲ ਢੱਕ ਦਿੱਤਾ ਜਾਂਦਾ ਹੈ
- G-ਟਿਊਬ ਦੇ ਅੰਦਰ ਇੱਕ ਐਂਟੀ-ਰਿਫਲਕਸ ਵਾਲਵ ਲੱਗਿਆ ਹੁੰਦਾ ਹੈ ਜੋ ਪੇਟ ਵਿਚਲੀ ਸਮੱਗਰੀ ਨੂੰ G-ਟਿਊਬ ਤੋਂ ਬਾਹਰ ਨਿਕਲਣ ਤੋਂ ਰੋਕਣ ਵਿੱਚ ਮਦਦ ਕਰਦਾ ਹੈ।
  - ਐਕਸਟੈਂਸ਼ਨ ਸੈੱਟ ਵਾਲਵ ਨੂੰ ਖੋਲ੍ਹੇਗਾ।
  - ਵਾਲਵ ਨੂੰ ਸਾਫ਼ ਅਤੇ ਸਹੀ ਤਰੀਕੇ ਨਾਲ ਕੰਮ ਕਰਦਾ ਰੱਖਣ ਲਈ ਇਸਨੂੰ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ।



ਪੇਟ ਦੀ ਚਮੜੀ ਵਿੱਚ ਇੱਕ ਛੋਟੀ ਮੋਰੀ ਬਣਾਈ ਜਾਂਦੀ ਹੈ। ਪੇਟ ਦੀ ਕੰਧ ਵਿੱਚ ਇੱਕ ਹੋਰ ਛੋਟੀ ਮੋਰੀ ਬਣਾਈ ਜਾਂਦੀ ਹੈ। ਟਿਊਬ ਨੂੰ ਮੋਰੀਆਂ ਰਾਹੀਂ ਪੇਟ ਵਿੱਚ ਪਾਇਆ ਜਾਂਦਾ ਹੈ। ਕੁਝ ਹੱਦ ਤੱਕ ਕੰਨ ਛਿਦਵਾਉਣ 'ਤੇ ਬਣਨ ਵਾਲੀ ਮੋਰੀ ਵਾਂਗ ਇਹ ਮੋਰੀ ਵੀ ਠੀਕ ਜਾਂਦੀ ਹੈ। ਜਦੋਂ ਮੋਰੀ ਠੀਕ ਹੋ ਜਾਂਦੀ ਹੈ, ਤਾਂ G-ਟਿਊਬ ਨੂੰ ਆਸਾਨੀ ਨਾਲ ਹਟਾਇਆ ਅਤੇ ਬਦਲਿਆ ਜਾ ਸਕਦਾ ਹੈ। ਹਾਲਾਂਕਿ, ਜੇ G-ਟਿਊਬ ਬਾਹਰ ਨਿਕਲ ਜਾਵੇ ਅਤੇ ਇਸਨੂੰ ਬਦਲਿਆ ਨਾ ਜਾਵੇ ਤਾਂ ਇਹ ਮੋਰੀ ਜਲਦੀ ਹੀ ਬੰਦ ਹੋ ਜਾਵੇਗੀ।

ਆਪਰੇਸ਼ਨ ਤੋਂ ਬਾਅਦ ਦੀ ਦੇਖਭਾਲ

- ਗੈਸਟ੍ਰੋਸਟੋਮੀ ਦੇ ਦੁਆਲੇ ਦਾ ਖੇਤਰ ਕਈ ਦਿਨਾਂ ਤੱਕ ਸੰਵੇਦਨਸ਼ੀਲ ਰਹਿ ਸਕਦਾ ਹੈ। ਬੇਅਰਾਮੀ ਦਾ ਆਮ ਤੌਰ ਤੇ ਦਰਦ ਨਿਵਾਰਕ ਦਵਾਈਆਂ ਨਾਲ ਇਲਾਜ ਕੀਤਾ ਜਾ ਸਕਦਾ ਹੈ
- G-ਟਿਊਬ ਦੇ ਦੁਆਲੇ ਥੋੜ੍ਹੀ ਮਾਤਰਾ ਵਿੱਚ ਰਿਸਾਅ ਹੋਣਾ ਆਮ ਗੱਲ ਹੈ
- ਟਿਊਬ ਨੂੰ ਹਿੱਲਣ ਤੋਂ ਰੋਕਣ ਲਈ G-ਟਿਊਬ ਦੇ ਹੇਠਾਂ ਡ੍ਰੈਸਿੰਗ ਹੋ ਸਕਦੀ ਹੈ
- ਜਦੋਂ ਤਕ G-ਟਿਊਬ ਠੀਕ ਨਾ ਹੋ ਜਾਵੇ ਉਦੋਂ ਤਕ ਇਸ ਨੂੰ ਘੁੰਮਾਓ ਨਹੀਂ
- ਲਗਾਏ ਜਾਣ ਦੇ ਬਾਅਦ ਪਹਿਲੇ ਦੋ ਹਫ਼ਤਿਆਂ ਤੱਕ ਸਰੀਰ ਨੂੰ ਸਪੰਜ ਨਾਲ ਸਾਫ਼ ਕਰੋ

ਘਰ ਵਿੱਚ ਦੇਖਭਾਲ

- G-ਟਿਊਬ ਅਤੇ ਸਟੋਮਾ (ਟਿਊਬ ਦੇ ਆਲੇ-ਦੁਆਲੇ ਦੀ ਚਮੜੀ) ਨੂੰ ਸਾਫ਼ ਅਤੇ ਸੁੱਕਾ ਰੱਖੋ
- G-ਟਿਊਬ ਦੇ ਆਲੇ-ਦੁਆਲੇ ਦੀ ਚਮੜੀ ਨੂੰ ਰੋਜ਼ਾਨਾ 1 ਤੋਂ 2 ਵਾਰ ਸਾਬਣ ਅਤੇ ਪਾਣੀ ਨਾਲ ਸਾਫ਼ ਕਰੋ

- G-ਟਿਊਬ ਨੂੰ ਲਗਭਗ ਹਰ 3 ਮਹੀਨਿਆਂ ਵਿੱਚ ਬਦਲਿਆ ਜਾਂਦਾ ਹੈ।
- ਤੁਹਾਡੀ ਫਾਲੋ-ਅੱਪ ਅਪਾਇੰਟਮੈਂਟ 'ਤੇ, ਕਲੀਨਿਕ ਦਾ ਸਟਾਫ਼ ਤੁਹਾਨੂੰ ਸਿਖਾਏਗਾ ਕਿ ਘਰ ਵਿੱਚ G-ਟਿਊਬ ਕਿਵੇਂ ਬਦਲਣਾ ਹੈ, ਅਤੇ ਗੁਬਾਰੇ ਵਿੱਚ ਪਾਣੀ ਦੀ ਜਾਂਚ ਕਿਵੇਂ ਅਤੇ ਕਦੋਂ ਕਰਨੀ ਹੈ।
- ਐਕਸਟੈਂਸ਼ਨ ਸੈੱਟ ਦੇ ਹੇਠਾਂ ਡ੍ਰੈਸਿੰਗ ਵਿੱਚ ਸਥਿਰਤਾ ਲਿਆਉਣ ਅਤੇ ਹਿੱਲਣ-ਜੁੱਲਣ ਨੂੰ ਰੋਕਣ ਵਿੱਚ ਮਦਦ ਮਿਲ ਸਕਦੀ ਹੈ, ਪਰ ਇਹ ਜ਼ਰੂਰੀ ਨਹੀਂ ਹੈ।

ਐਕਸਟੈਂਸ਼ਨ ਸੈੱਟ

- ਵਰਤੋਂ ਵਿੱਚ ਨਾ ਹੋਣ 'ਤੇ GT ਤੋਂ ਐਕਸਟੈਂਸ਼ਨ ਸੈੱਟ ਨੂੰ ਹਟਾ ਦਿਓ
- ਜੇ ਤੁਹਾਡਾ ਬੱਚਾ ਇੱਕ ਘੰਟੇ ਤੋਂ ਵੱਧ ਸਮੇਂ ਤੋਂ ਫੀਡਿੰਗਾਂ ਪ੍ਰਾਪਤ ਕਰ ਰਿਹਾ ਹੈ, ਤਾਂ G-ਟਿਊਬ 'ਤੇ ਖਿੱਚ ਪੈਣ ਤੋਂ ਰੋਕਣ ਲਈ ਐਕਸਟੈਂਸ਼ਨ ਸੈੱਟ ਨੂੰ ਚਮੜੀ 'ਤੇ ਟੇਪ ਨਾਲ ਸੁਰੱਖਿਅਤ ਕਰ ਦਿਓ
- ਐਕਸਟੈਂਸ਼ਨ ਸੈੱਟ ਡਿਸਪੋਜ਼ੇਬਲ ਹੁੰਦੇ ਹਨ ਅਤੇ ਇਨ੍ਹਾਂ ਨੂੰ ਹਰ ਹਫ਼ਤੇ ਬਦਲਿਆ ਜਾਣਾ ਚਾਹੀਦਾ ਹੈ
- ਤੁਹਾਡੀ G-ਟਿਊਬ ਦਾ ਸਮਾਨ ਮੁਹੱਈਆ ਕਰਨ ਵਾਲੀ ਸਪਲਾਈ ਕੰਪਨੀ ਤੁਹਾਨੂੰ ਹਰ ਮਹੀਨੇ 4 ਤੋਂ 5 ਸੈੱਟ ਭੇਜੇਗੀ
- ਹਰ ਵਰਤੋਂ ਦੇ ਬਾਅਦ ਐਕਸਟੈਂਸ਼ਨ ਸੈੱਟ ਨੂੰ ਸਾਬਣ ਅਤੇ ਪਾਣੀ ਨਾਲ ਸਾਫ਼ ਕਰੋ
- ਜੇ ਇਹ ਬੰਦ ਜਾਂ ਗੰਦਾ ਹੋ ਜਾਵੇ ਤਾਂ ਇਸਦੀ ਵਰਤੋਂ ਨਾ ਕਰੋ
- ਐਕਸਟੈਂਸ਼ਨ ਸੈੱਟ ਵੱਖ-ਵੱਖ ਲੰਬਾਈਆਂ (12 ਜਾਂ 24 ਇੰਚ) ਵਿੱਚ ਉਪਲਬਧ ਹੋ ਸਕਦਾ ਹੈ
- ਫੀਡਿੰਗ ਲਈ ਸਭ ਤੋਂ ਵੱਧ ਵਰਤੀ ਜਾਣ ਵਾਲੀ ਐਕਸਟੈਂਸ਼ਨ 'ਤੇ ਇੱਕ ਸਮਕੋਣ ਕਨੈਕਟਰ ਅਤੇ ਇੱਕ y-ਪੋਰਟ ਹੁੰਦਾ ਹੈ
- ਸੀਧਾ ਬੋਲਸ ਐਕਸਟੈਂਸ਼ਨ ਸੈੱਟ G-ਟਿਊਬ ਵਿੱਚੋਂ ਹਵਾ ਕੱਢਣ ਜਾਂ ਵੱਡੀ ਮਾਤਰਾ ਵਿੱਚ ਬੋਲਸ ਲਈ ਵਰਤਿਆ ਜਾਂਦਾ ਹੈ



ਐਕਸਟੈਂਸ਼ਨ ਸੈੱਟ ਨੂੰ ਜੋੜਨ ਦਾ ਤਰੀਕਾ:

- ਐਕਸਟੈਂਸ਼ਨ ਸੈੱਟ ਦੀ ਕਾਲੀ ਲਾਈਨ ਨੂੰ ਫੀਡਿੰਗ ਪੋਰਟ 'ਤੇ ਕਾਲੀ ਲਾਈਨ ਦੇ ਸੇਧ ਵਿੱਚ ਲਿਆਓ।
- ਕਨੈਕਟਰ ਨੂੰ ਫੀਡਿੰਗ ਪੋਰਟ ਵਿੱਚ ਪਾਓ।
- ਇਸ ਨੂੰ ਇਸਦੀ ਥਾਂ 'ਤੇ ਲੌਕ ਕਰਨ ਲਈ ਇਸਨੂੰ ਘੜੀ ਦੀ ਦਿਸ਼ਾ ਵਿੱਚ ਘੁੰਮਾਓ।



ENFit® ਸਫ਼ਾਈ ਪ੍ਰਕਿਰਿਆ

ਨੀਵੇਂ ਪ੍ਰੋਫਾਈਲ ਵਾਲੇ ਫੀਡਿੰਗ ਟਿਊਬ ਐਕਸਟੈਂਸ਼ਨ ਸੈੱਟ

ENFit ਫੀਡਿੰਗ ਟਿਊਬ ਪੋਰਟ ਨੂੰ ਸਾਫ਼ ਰੱਖਣ ਲਈ ਸੁਝਾਅ। ਕਨੈਕਟ ਕਰਨ ਤੋਂ ਪਹਿਲਾਂ ਜਾਂਚ ਕਰੋ!

- **ਫੀਡਿੰਗ ਸੈੱਟ ਨੂੰ ਪ੍ਰਾਈਮ ਕਰਨਾ**- ਤਰਲ ਪਦਾਰਥ ਦੇ ਟਿਊਬ ਦੇ ਅੰਤ ਤੱਕ ਪਹੁੰਚਣ ਤੋਂ ਪਹਿਲਾਂ ਪ੍ਰਾਈਮਿੰਗ ਰੋਕ ਦਿਓ।



- **ENFit ਸਿਰਿੰਜ ਭਰਨੀ** - ਸਿਰ/ਬਾਹਰੀ ਚੂੜੀਆਂ ਤੋਂ ਦਵਾਈ ਅਤੇ ਪੋਸ਼ਕ ਪਦਾਰਥ ਨੂੰ ਪੂੰਝੋ, ਫੀਡਿੰਗ ਟਿਊਬ ਨਾਲ ਜੋੜਨ ਤੋਂ ਪਹਿਲਾਂ ਖਾਲੀ ਥਾਂ ਤੋਂ ਤਰਲ ਪਦਾਰਥ ਨੂੰ ਬਾਹਰ ਰੱਖੋ।



ਬਿਹਤਰੀਨ ਨਤੀਜਿਆਂ ਲਈ, ਦਿਨ ਵਿੱਚ ਘੱਟੋ-ਘੱਟ ਇੱਕ ਵਾਰ ਜਾਂ ਜਦੋਂ ਵੀ ਸਮੱਗਰੀ ਨਜ਼ਰ ਆਵੇ, ਟਿਊਬਾਂ ਨੂੰ ਸਾਫ਼ ਕਰਨ ਲਈ ਇਨ੍ਹਾਂ ਹਿਦਾਇਤਾਂ ਦੀ ਪਾਲਣਾ ਕਰੋ।

ਟਿਊਬ ਸਾਫ਼ ਕਰਨ ਸੰਬੰਧੀ ਚੀਜ਼ਾਂ ਅਤੇ ਸ਼ਬਦ



1



ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ ਜਾਂ ਦਸਤਾਨੇ ਪਹਿਨੋ। ਬੁਰਸ਼ ਨੂੰ ਟੂਟੀ ਦੇ ਪਾਣੀ ਨਾਲ ਧੋਵੋ।

2



ਐਕਸਟੈਂਸ਼ਨ ਸੈੱਟ ਨੂੰ ਡਿਸਕਨੈਕਟ ਕਰੋ, ਸਾਫ਼ ਪਾਣੀ ਵਿੱਚ ਭਿਓਵੋਂ ਜਾਂ ਘੱਟੋ-ਘੱਟ ਇੱਕ ਮਿੰਟ ਲਈ ਟਟੀ ਹੇਨਾਂ ਧੋਵੋ।

3



ਟੂਥਬੁਰਸ਼ ਨੂੰ ਗਿੱਲਾ ਕਰੋ ਅਤੇ 15 ਸਕਿੰਟ ਲਈ ਖਾਈ ਦੇ ਤਲ ਅਤੇ ਢੱਕਣ ਦੀਆਂ ਧਾਰੀਆਂ ਵਿੱਚ ਘੁੰਮਾਓ।

4

ਸਿਰਿੰਜ ਭਰੋ ਅਤੇ ਫਿਰ ਖਾਲੀ ਕਰੋ ਜਾਂ ਸਾਫ਼ ਟੂਟੀ ਦੇ ਪਾਣੀ ਨਾਲ ਧੋਵੋ।

5



ਫੀਡਿੰਗ ਟਿਊਬ ਪੋਰਟ ਅਤੇ ਢੱਕਣ ਨੂੰ ਜਾਲੀਦਾਰ ਕੱਪੜੇ ਨਾਲ ਪੂੰਝ ਕੇ ਸੁਕਾਓ, ਸਮਾਨ ਨੂੰ ਸਾਫ਼ ਕਰੋ ਅਤੇ ਹਵਾ ਵਿੱਚ ਸੁਕਣ

GEDSA

ਸਾਫ਼ ਕਰਨ ਦੀ ਪ੍ਰਕਿਰਿਆ Children's Mercy Kansas City ਨੂੰ ਆਭਾਰ ਦੇ ਨਾਲ।

© GEDSA 2018 ENFit, GEDSA ਦਾ ਰਜਿਸਟਰਡ ਟ੍ਰੇਡਮਾਰਕ ਹੈ।

ਪਰਕਿਊਟੇਨਿਅਸ ਐਂਡੋਸਕੋਪਿਕ ਗੈਸਟ੍ਰੋਸਟੋਮੀ ਟਿਊਬ (PEG ਟਿਊਬ)

- ਇਹ ਟਿਊਬ ਆਮ ਤੌਰ ਤੇ ਬੱਚਿਆਂ ਦੇ ਗੈਸਟ੍ਰੋਐਂਟ੍ਰੋਲੋਜਿਸਟ ਜਾਂ ਇੰਟਰਵੇਂਸ਼ਨਲ ਰੇਡੀਓਲੋਜਿਸਟ ਦੁਆਰਾ ਲਗਾਈ ਜਾਂਦੀ ਹੈ
- PEG ਟਿਊਬ ਨੂੰ ਮਾਹਿਰ ਦੁਆਰਾ ਲਗਭਗ 3 ਮਹੀਨਿਆਂ ਬਾਅਦ ਬਦਲਿਆ ਜਾਂਦਾ ਹੈ ਅਤੇ ਕਿਸੇ ਹੋਰ ਕਿਸਮ ਦੀ G-ਟਿਊਬ (ਆਮ ਤੌਰ ਤੇ MIC-KEY) ਨਾਲ ਬਦਲਿਆ ਜਾਂਦਾ ਹੈ
- ਪੇਟ ਦੇ ਅੰਦਰ ਇੱਕ ਗੁੰਬਦ ਦੇ ਆਕਾਰ ਦਾ ਬੰਪਰ ਹੁੰਦਾ ਹੈ ਜੋ ਟਿਊਬ ਨੂੰ ਇਸਦੀ ਥਾਂ 'ਤੇ ਰੱਖਣ ਲਈ ਪੇਟ ਦੀ ਕੰਧ ਦੇ ਨਾਲ ਬੈਠਦਾ ਹੈ
- ਬਾਹਰਲੇ ਪਾਸੇ ਚਮੜੀ ਦੇ ਨਾਲ ਇੱਕ ਰੀਟੈਨਸ਼ਨ ਰਿੰਗ ਹੁੰਦੀ ਹੈ ਜੋ PEG ਟਿਊਬ ਨੂੰ ਇਸਦੀ ਥਾਂ 'ਤੇ ਰੱਖਦੀ ਹੈ



ਆਪਰੇਸ਼ਨ ਦੇ ਬਾਅਦ ਦੀ ਦੇਖਭਾਲ

- ਗੈਸਟ੍ਰੋਸਟੋਮੀ ਦੇ ਦੁਆਲੇ ਦਾ ਖੇਤਰ ਕਈ ਦਿਨਾਂ ਤੱਕ ਸੰਵੇਦਨਸ਼ੀਲ ਰਹਿ ਸਕਦਾ ਹੈ। ਬੇਅਰਾਮੀ ਦਾ ਆਮ ਤੌਰ ਤੇ ਦਰਦ ਨਿਵਾਰਕ ਦਵਾਈਆਂ ਨਾਲ ਇਲਾਜ ਕੀਤਾ ਜਾ ਸਕਦਾ ਹੈ
- PEG ਟਿਊਬ ਦੇ ਦੁਆਲੇ ਥੋੜ੍ਹੀ ਮਾਤਰਾ ਵਿੱਚ ਰਿਸਾਅ ਹੋਣਾ ਸਧਾਰਨ ਹੈ
- ਆਮ ਤੌਰ 'ਤੇ ਰੀਟੈਨਸ਼ਨ ਰਿੰਗ ਦੇ ਹੇਠਾਂ ਕੋਈ ਡਰੈਸਿੰਗ ਨਹੀਂ ਹੁੰਦੀ
- PEG ਟਿਊਬ ਨੂੰ ਦਿਨ ਵਿੱਚ ਦੋ ਵਾਰ ਘੁੰਮਾਇਆ ਜਾਂਦਾ ਹੈ
- ਚਮੜੀ 'ਤੇ ਸੈਂਟੀਮੀਟਰ ਦੇ ਨਿਸ਼ਾਨ ਦੀ ਹਰ ਰੋਜ਼ ਜਾਂਚ ਕੀਤੀ ਜਾਂਦੀ ਹੈ (ਚਿੱਤਰ ਦੇਖੋ)
- ਲਗਾਏ ਜਾਣ ਦੇ ਬਾਅਦ ਪਹਿਲੇ ਦੋ ਹਫ਼ਤਿਆਂ ਤੱਕ ਸਰੀਰ ਨੂੰ ਸਪੰਜ ਨਾਲ ਸਾਫ਼ ਕਰੋ

ਘਰ ਵਿੱਚ ਦੇਖਭਾਲ

- ਰੀਟੈਨਸ਼ਨ ਰਿੰਗ ਦੇ ਹੇਠਾਂ ਚਮੜੀ ਨੂੰ ਦਿਨ ਵਿੱਚ 1 ਤੋਂ 2 ਵਾਰ ਸਾਬਣ ਅਤੇ ਪਾਣੀ ਨਾਲ ਸਾਫ਼ ਕਰੋ
- ਰੀਟੈਨਸ਼ਨ ਰਿੰਗ ਦੇ ਹੇਠਾਂ ਕਿਸੇ ਵੀ ਡਰੈਸਿੰਗ ਜਾਂ ਜਾਲੀਦਾਰ ਕੱਪੜੇ ਦੀ ਵਰਤੋਂ ਨਾ ਕਰੋ
- ਇਹ ਯਕੀਨੀ ਬਣਾਓ ਕਿ ਰੀਟੈਨਸ਼ਨ ਰਿੰਗ ਬਿਨਾਂ ਕਿਸੇ ਪਾੜੇ ਦੇ ਚਮੜੀ ਦੇ ਨਾਲ ਜੁੜੀ ਰਹੇ
- PEG ਟਿਊਬ ਨੂੰ ਹਰ ਸਮੇਂ ਪੇਟ 'ਤੇ ਅੰਦਰ ਪਾਉਣ ਵਾਲੇ ਸਥਾਨ ਤੋਂ ਲਗਭਗ 2 ਤੋਂ 3 ਇੰਚ ਦੀ ਦੂਰੀ 'ਤੇ ਟੇਪ ਨਾਲ ਸੁਰੱਖਿਅਤ ਰੱਖੋ। ਜੇ ਲੋੜ ਹੋਵੇ ਤਾਂ ਤੁਸੀਂ ਟਿਊਬ ਨੂੰ ਸਹਾਰਾ ਦੇਣ ਲਈ ਗੌਜ਼ ਬੋਲਸਟਰ ਦੀ ਵਰਤੋਂ ਕਰ ਸਕਦੇ ਹੋ।
- ਹਰ ਰੋਜ਼, ਜਿੱਥੇ PEG ਟਿਊਬ ਚਮੜੀ ਵਿੱਚ ਦਾਖਲ ਹੁੰਦੀ ਹੈ, ਉੱਥੇ ਸੈਂਟੀਮੀਟਰ ਦੇ ਨਿਸ਼ਾਨ ਦੀ ਜਾਂਚ ਕਰੋ। ਨਿਸ਼ਾਨ ਹਰ ਰੋਜ਼ ਇੱਕੋ ਜਿਹੇ ਹੋਣੇ ਚਾਹੀਦੇ ਹਨ
- ਜੇ ਚਮੜੀ 'ਤੇ ਸੈਂਟੀਮੀਟਰ ਦੇ ਨਿਸ਼ਾਨ ਦਾ ਨੰਬਰ ਵੱਧ ਗਿਆ ਹੈ, ਤਾਂ PEG ਟਿਊਬ ਨੂੰ ਹੌਲੀ-ਹੌਲੀ ਸਹੀ ਨਿਸ਼ਾਨ ਤੱਕ ਖਿੱਚੋ ਅਤੇ ਰੀਟੈਨਸ਼ਨ ਰਿੰਗ ਨੂੰ ਵਿਵਸਥਿਤ ਕਰੋ
- ਜੇ ਚਮੜੀ 'ਤੇ ਸੈਂਟੀਮੀਟਰ ਦੇ ਨਿਸ਼ਾਨ ਦਾ ਨੰਬਰ ਘੱਟ ਗਿਆ ਹੈ, ਤਾਂ ਹੋ ਸਕਦਾ ਹੈ ਕਿ PEG ਟਿਊਬ ਸਹੀ ਸਥਾਨ 'ਤੇ ਨਾ ਹੋਵੇ। ਆਪਣੇ ਮਾਹਰ ਨੂੰ ਕਾੱਲ ਕਰੋ ਜਾਂ ਐਮਰਜੈਂਸੀ ਰੂਮ ਵਿੱਚ ਜਾਓ। ਟਿਊਬ ਦੇ ਰਾਹੀਂ ਕੁਝ ਵੀ ਨਾ ਦਿਓ।

ਟਿਊਬ ਰਾਹੀਂ ਭੋਜਨ ਦੇਣਾ

ਤੁਸੀਂ ਅਤੇ ਤੁਹਾਡੇ ਬੱਚੇ ਦੀ ਸਿਹਤ ਦੀ ਦੇਖਭਾਲ ਕਰਨ ਵਾਲੀ ਟੀਮ ਇੱਕ ਅਜਿਹੀ ਖੁਰਾਕ ਯੋਜਨਾ ਤਿਆਰ ਕਰੋਗੇ ਜੋ ਤੁਹਾਡੇ ਬੱਚੇ ਦੀ ਪੋਸ਼ਣ ਦੀਆਂ ਲੋੜਾਂ ਨੂੰ ਪੂਰਾ ਕਰੇਗੀ ਅਤੇ ਉਸ ਦੀ ਮੈਡੀਕਲ ਸਥਿਤੀ ਲਈ ਵੀ ਸਭ ਤੋਂ ਉਚਿਤ ਹੋਵੇਗੀ।

ਆਮ ਤੌਰ 'ਤੇ ਸਰਜਰੀ ਦੇ ਅਗਲੇ ਦਿਨ ਤੋਂ ਫੀਡਿੰਗ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ। ਸ਼ੁਰੂਆਤੀ ਫੀਡਿੰਗ ਦੀ ਮਾਤਰਾ ਛੋਟੀ ਹੋਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਬੱਚੇ ਦਾ ਪੇਟ ਖੁਰਾਕ ਲਈ ਤਿਆਰ ਹੈ। ਫਿਰ, ਫਾਰਮੂਲਾ ਦੀ ਮਾਤਰਾ ਨੂੰ ਹੌਲੀ-ਹੌਲੀ ਵਧਾ ਕੇ ਘਰ ਵਿੱਚ ਦਿੱਤੀ ਜਾਣ ਵਾਲੀ ਮਾਤਰਾ ਤੱਕ ਲਿਆਇਆ ਜਾਂਦਾ ਹੈ।

ਹਾਲਾਂਕਿ ਫਾਰਮੂਲਾ ਵਿੱਚ ਪਾਣੀ ਹੁੰਦਾ ਹੈ, ਪਰ ਆਮ ਤੌਰ 'ਤੇ ਇਹ ਤੁਹਾਡੇ ਬੱਚੇ ਦੀਆਂ ਲੋੜਾਂ ਲਈ ਕਾਫ਼ੀ ਨਹੀਂ ਹੁੰਦਾ। ਫੀਡਿੰਗ ਯੋਜਨਾ ਵਿੱਚ ਫੀਡਿੰਗ ਤੋਂ ਪਹਿਲਾਂ, ਬਾਅਦ ਵਿੱਚ ਜਾਂ ਇਨ੍ਹਾਂ ਦਰਮਿਆਨ ਦੇਣ ਵਾਸਤੇ ਵਾਧੂ ਪਾਣੀ ਸ਼ਾਮਲ ਹੋਵੇਗਾ।

ਇਹ ਵੀ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਟਿਊਬ ਨੂੰ ਬੰਦ ਹੋਣ ਤੋਂ ਬਚਾਉਣ ਲਈ ਫੀਡਿੰਗਾਂ ਤੋਂ ਪਹਿਲਾਂ ਅਤੇ ਬਾਅਦ G-ਟਿਊਬ/ਐਕਸਟੈਂਸ਼ਨ ਨੂੰ 5 ਤੋਂ 10 ਮਿਲੀ ਪਾਣੀ ਨਾਲ ਫਲੱਸ਼ ਕੀਤਾ ਜਾਵੇ।

ਫੀਡਿੰਗਾਂ ਦੌਰਾਨ ਆਪਣੇ ਬੱਚੇ ਨੂੰ ਅਰਾਮਦੇਹ ਸਥਿਤੀ ਵਿੱਚ ਰੱਖੋ।

ਤੁਸੀਂ ਇਹ ਕਰ ਸਕਦੇ ਹੋ:

- ਆਪਣੇ ਬੱਚੇ ਨੂੰ ਫੜੋ
- ਆਪਣੇ ਬੱਚੇ ਨੂੰ ਕਾਰ ਦੀ ਸੀਟ, ਸਟ੍ਰੋਲਰ, ਵ੍ਹੀਲਚੇਅਰ, ਕੁਰਸੀ ਜਾਂ ਉੱਚੀ ਕੁਰਸੀ 'ਤੇ ਬਿਠਾਓ
- ਫੀਡਿੰਗ ਵਿੱਚ ਕਿਸੇ ਹੋਰ ਵਿਅਕਤੀ ਦੀ ਮਦਦ ਲਵੋ
- ਆਪਣੇ ਬੱਚੇ ਨੂੰ ਇਸ ਤਰ੍ਹਾਂ ਰੱਖੋ ਕਿ ਉਸਦਾ ਸਿਰ ਸਰੀਰ ਦੇ ਬਾਕੀ ਹਿੱਸੇ ਤੋਂ ਉੱਚਾ ਹੋਵੇ

ਟਿਊਬ ਫੀਡਿੰਗ ਤਿੰਨ ਤਰੀਕਿਆਂ ਨਾਲ ਦਿੱਤੀ ਜਾ ਸਕਦੀ ਹੈ:

1. ਸਿਰਿੰਜ ਨਾਲ ਗੁਰੂਤਾ ਦੁਆਰਾ ਬੋਲਸ
2. ਫੀਡਿੰਗ ਬੈਗ ਨਾਲ ਗੁਰੂਤਾ ਦੁਆਰਾ ਬੋਲਸ
3. ਫੀਡਿੰਗ ਬੈਗ ਨਾਲ ਪੰਪ ਦੁਆਰਾ ਬੋਲਸ, ਨਿਰੰਤਰ ਜਾਂ ਚੱਕਰਵਾਰ



1

ਸਿਰਿੰਜ ਨਾਲ ਗੁਰੂਤਾ ਦੁਆਰਾ ਬੋਲਸ ਫੀਡਿੰਗ

- ਇਸ ਤਰੀਕੇ ਨਾਲ, ਫਾਰਮੂਲਾ ਸਿਰਿੰਜ ਤੋਂ ਨਿਕਲ ਕੇ ਫੀਡਿੰਗ ਟਿਊਬ ਅਤੇ ਪੇਟ ਵਿੱਚ ਜਾਂਦਾ ਹੈ
- ਇਸ ਤਰੀਕੇ ਨੂੰ ਗੈਵਜ ਫੀਡ ਵੀ ਕਿਹਾ ਜਾ ਸਕਦਾ ਹੈ
- ਬੋਲਸ ਨੂੰ ਭੋਜਨ ਵਾਂਗ ਦਿੱਤਾ ਜਾਂਦਾ ਹੈ, ਆਮ ਤੌਰ 'ਤੇ 20 ਤੋਂ 30 ਮਿੰਟਾਂ ਦੌਰਾਨ
- ਛੋਟੀ ਮਿਆਦ ਵਿੱਚ ਵੱਡੀਆਂ ਮਾਤਰਾਵਾਂ ਦਿੱਤੀਆਂ ਜਾ ਸਕਦੀਆਂ ਹਨ

- ਤੁਸੀਂ ਸਿਰਿੰਜ ਨੂੰ ਜਿੰਨਾ ਉੱਚਾ ਫੜੋਗੇ, ਇਹ ਓਨੀ ਹੀ ਤੇਜ਼ੀ ਨਾਲ ਵਹੇਗਾ
- ਜੇ ਫਾਰਮੂਲਾ ਵਹਿੰਦਾ ਨਹੀਂ ਹੈ, ਤਾਂ ਪਲੰਜਰ ਨਾਲ ਨਰਮ ਧੱਕਾ ਦਿਓ। ਜ਼ੋਰ ਨਾ ਲਾਓ
- ਪੇਟ ਵਿੱਚ ਗੈਰ-ਜ਼ਰੂਰੀ ਹਵਾ ਜਾਣ ਤੋਂ ਰੋਕਣ ਲਈ ਸਿਰਿੰਜ ਖਾਲੀ ਹੋਣ ਤੋਂ ਪਹਿਲਾਂ ਉਸ ਵਿੱਚ ਹੋਰ ਫਾਰਮੂਲਾ ਪਾਓ
- ਸਿਰਿੰਜ ਨੂੰ ਬੱਚੇ ਦੇ ਪੇਟ ਦੇ ਸੰਬੰਧ ਵਿੱਚ ਉੱਪਰ ਜਾਂ ਹੇਠਾਂ ਕਰਕੇ ਵਹਾਓ ਦੀ ਦਰ ਨੂੰ ਵਿਵਸਥਿਤ ਕਰੋ

ਸਪਲਾਈਆਂ:

- ਫਾਰਮੂਲਾ (ਬੰਦ ਡੱਬੇ ਦੇ ਉਪਰਲੇ ਹਿੱਸੇ ਨੂੰ ਧੋਣਾ ਯਾਦ ਰੱਖੋ)
- ਪਾਣੀ
- 60 mL ਸਿਰਿੰਜ ਜਿਸ ਤੋਂ ਪਲੰਜਰ ਹਟਾ ਦਿੱਤਾ ਗਿਆ ਹੈ
- ਪਾਣੀ ਫਲੱਸ਼ ਕਰਨ ਲਈ 5 ਜਾਂ 10mL ਸਿਰਿੰਜ
- ਐਕਸਟੈਂਸ਼ਨ ਸੈੱਟ (ਜੇ ਵਰਤਿਆ ਜਾਂਦਾ ਹੈ)

ਫੀਡ ਦੇਣ ਲਈ ਕਦਮ:

1. ਆਪਣੇ ਹੱਥ ਧੋਵੋ
2. ਐਕਸਟੈਂਸ਼ਨ ਸੈੱਟ ਜੋੜੋ (ਜੇ ਵਰਤਿਆ ਜਾਂਦਾ ਹੈ)
3. ਯਕੀਨੀ ਬਣਾਓ ਕਿ G-ਟਿਊਬ ਜਾਂ ਐਕਸਟੈਂਸ਼ਨ ਸੈੱਟ ਨੂੰ ਕਲੈਂਪ ਕੀਤਾ ਗਿਆ ਹੈ
4. ਸਿਰਿੰਜ ਨੂੰ G-ਟਿਊਬ ਜਾਂ ਐਕਸਟੈਂਸ਼ਨ ਸੈੱਟ ਨਾਲ ਜੋੜੋ
5. ਫਾਰਮੂਲੇ ਦੀ ਲੋੜੀਂਦੀ ਮਾਤਰਾ ਸਿਰਿੰਜ ਵਿੱਚ ਪਾਓ
6. ਐਕਸਟੈਂਸ਼ਨ ਸੈੱਟ ਜਾਂ ਟਿਊਬ ਤੋਂ ਕਲੈਂਪ ਹਟਾਓ
7. ਫਾਰਮੂਲੇ ਨੂੰ ਗੁਰੂਤਾ ਦੁਆਰਾ ਵਹਿਣ ਦਿਓ
8. ਫੀਡਿੰਗ ਦੇ ਅੰਤ ਵਿੱਚ ਫਲੱਸ਼ ਕਰਨ ਲਈ ਸਿਰਿੰਜ ਵਿੱਚ ਪਾਣੀ ਪਾਓ
9. ਜਦੋਂ ਫੀਡਿੰਗ ਖਤਮ ਹੋ ਜਾਵੇ, ਟਿਊਬ ਨੂੰ ਕਲੈਂਪ ਕਰੋ
10. ਐਕਸਟੈਂਸ਼ਨ ਸੈੱਟ ਅਤੇ ਸਿਰਿੰਜ ਨੂੰ ਡਿਸਕਨੈਕਟ ਕਰੋ ਅਤੇ ਧੋ ਲਵੋ, ਹਵਾ ਵਿੱਚ ਸੁਕਣ ਦਿਓ
11. ਕਿਸੇ ਵੀ ਅਣਵਰਤੇ ਫਾਰਮੂਲੇ ਨੂੰ ਫ੍ਰਿਜ ਵਿੱਚ ਰੱਖੋ ਅਤੇ 24 ਘੰਟਿਆਂ ਦੇ ਅੰਦਰ ਵਰਤ ਲਵੋ

2

ਗੁਰੂਤਾ ਬੈਗ ਦੁਆਰਾ ਬੋਲਸ ਫੀਡਿੰਗ

- ਇਸ ਤਰੀਕੇ ਨਾਲ, ਫਾਰਮੂਲਾ ਬੈਗ ਵਿੱਚੋਂ ਨਿਕਲ ਕੇ ਫੀਡਿੰਗ ਟਿਊਬ ਅਤੇ ਪੇਟ ਵਿੱਚ ਜਾਂਦਾ ਹੈ
- ਬੋਲਸ ਨੂੰ ਭੋਜਨ ਵਾਂਗ ਦਿੱਤਾ ਜਾਂਦਾ ਹੈ, ਆਮ ਤੌਰ 'ਤੇ 20 ਤੋਂ 30 ਮਿੰਟਾਂ ਦੌਰਾਨ
- ਬੈਗ ਬੱਚੇ ਦੇ ਉਪਰ ਲਟਕਿਆ ਹੁੰਦਾ ਹੈ
- ਫਾਰਮੂਲੇ ਦੇ ਪ੍ਰਵਾਹ ਨੂੰ ਨਿਯੰਤ੍ਰਿਤ ਕਰਨ ਲਈ ਬੈਗ 'ਤੇ ਰੋਲਰ ਕਲੈਂਪ ਨੂੰ ਵਿਵਸਥਿਤ ਕੀਤਾ ਜਾਂਦਾ ਹੈ
- ਫੀਡਿੰਗ ਬੈਗ ਹਰ ਰੋਜ਼ ਬਦਲਿਆ ਜਾਂਦਾ ਹੈ



ਸਪਲਾਈਆਂ:

- ਫਾਰਮੂਲਾ (ਬੰਦ ਡੱਬੇ ਦੇ ਉਪਰਲੇ ਹਿੱਸੇ ਨੂੰ ਧੋਣਾ ਯਾਦ ਰੱਖੋ)
- ਪਾਣੀ
- ਗੁਰੂਤਾ ਬੈਗ
- ਪਾਣੀ ਫਲੱਸ਼ ਕਰਨ ਲਈ 5 ਜਾਂ 10 mL ਸਿਰਿੰਜ
- ਐਕਸਟੈਂਸ਼ਨ ਸੈੱਟ (ਜੇ ਵਰਤਿਆ ਜਾਂਦਾ ਹੈ)

ਫੀਡ ਦੇਣ ਲਈ ਕਦਮ:

1. ਆਪਣੇ ਹੱਥ ਧੋਵੋ
2. ਬੈਗ ਨੂੰ ਆਪਣੇ ਬੱਚੇ ਦੇ ਪੇਟ ਤੋਂ 18 ਇੰਚ ਜਾਂ ਇਸ ਤੋਂ ਵੱਧ ਉਚਾਈ 'ਤੇ ਲਟਕਾਓ
3. ਯਕੀਨੀ ਬਣਾਓ ਕਿ ਬੈਗ 'ਤੇ ਰੋਲਰ ਕਲੈਂਪ ਬੰਦ ਹੈ (ਫਾਰਮੂਲੇ ਨਾਲ ਪ੍ਰਾਈਮ ਕਰਨ ਤੱਕ ਬੈਗ ਨੂੰ ਬੱਚੇ ਨਾਲ ਨਾ ਜੋੜੋ)
4. ਬੈਗ ਖੋਲ੍ਹੋ ਅਤੇ ਫਾਰਮੂਲਾ ਪਾਓ, ਬੈਗ ਦੇ ਸਿਖਰ ਨੂੰ ਬੰਦ ਕਰ ਦਿਓ
5. ਰੋਲਰ ਕਲੈਂਪ ਨੂੰ ਹੌਲੀ-ਹੌਲੀ ਖੋਲ੍ਹ ਕੇ ਟਿਊਬਿੰਗ ਨੂੰ ਪ੍ਰਾਈਮ ਕਰੋ ਅਤੇ ਫਾਰਮੂਲੇ ਨੂੰ ਵਹਿਣ ਦਿਓ ਜਦ ਤੱਕ ਫਾਰਮੂਲਾ ਟਿਊਬਿੰਗ ਦੇ ਅੰਤਮ ਸਿਰੇ ਤੱਕ ਨਾ ਪਹੁੰਚ ਜਾਵੇ
6. ਰੋਲਰ ਕਲੈਂਪ ਬੰਦ ਕਰੋ
7. ਐਕਸਟੈਂਸ਼ਨ ਸੈੱਟ ਨੂੰ G-ਟਿਊਬ ਨਾਲ ਜੋੜੋ (ਜੇ ਵਰਤਿਆ ਜਾਂਦਾ ਹੈ)
8. ਯਕੀਨੀ ਬਣਾਓ ਕਿ G-ਟਿਊਬ ਜਾਂ ਐਕਸਟੈਂਸ਼ਨ ਸੈੱਟ ਨੂੰ ਕਲੈਂਪ ਕੀਤਾ ਗਿਆ ਹੈ
9. ਗੁਰੂਤਾ ਬੈਗ ਟਿਊਬਿੰਗ ਨੂੰ G-ਟਿਊਬ ਜਾਂ ਐਕਸਟੈਂਸ਼ਨ ਸੈੱਟ ਨਾਲ ਜੋੜੋ
10. ਐਕਸਟੈਂਸ਼ਨ ਸੈੱਟ ਜਾਂ G-ਟਿਊਬ ਤੋਂ ਕਲੈਂਪ ਹਟਾਓ
11. ਰੋਲਰ ਕਲੈਂਪ ਖੋਲ੍ਹੋ ਤਾਂ ਜੋ ਫਾਰਮੂਲਾ ਗੁਰੂਤਾ ਦੁਆਰਾ ਵਹਿ ਸਕੇ
12. ਰੋਲਰ ਕਲੈਂਪ ਨੂੰ ਅੰਸ਼ਕ ਤੌਰ 'ਤੇ ਬੰਦ ਜਾਂ ਖੋਲ੍ਹ ਕੇ ਨਿਯੰਤ੍ਰਿਤ ਕਰੋ ਕਿ ਫਾਰਮੂਲਾ ਕਿੰਨੀ ਤੇਜ਼ੀ ਨਾਲ ਵਹਿੰਦਾ ਹੈ
13. ਜਦੋਂ ਫੀਡਿੰਗ ਖਤਮ ਹੋ ਜਾਵੇ, ਤਾਂ G-ਟਿਊਬ ਜਾਂ ਐਕਸਟੈਂਸ਼ਨ ਸੈੱਟ ਨੂੰ ਕਲੈਂਪ ਕਰੋ
14. ਪਾਣੀ ਦੀ ਸੁਝਾਈ ਗਈ ਮਾਤਰਾ ਨਾਲ ਫਲੱਸ਼ ਕਰੋ
15. ਐਕਸਟੈਂਸ਼ਨ ਸੈੱਟ ਅਤੇ ਬੈਗ ਨੂੰ ਡਿਸਕਨੈਕਟ ਕਰੋ ਅਤੇ ਧੋ ਲਵੋ, ਹਵਾ ਵਿੱਚ ਸੁਕਣ ਦਿਓ
16. ਕਿਸੇ ਵੀ ਅਣਵਰਤੇ ਫਾਰਮੂਲੇ ਨੂੰ ਫ੍ਰਿਜ ਵਿੱਚ ਰੱਖੋ ਅਤੇ 24 ਘੰਟਿਆਂ ਦੇ ਅੰਦਰ ਵਰਤ ਲਵੋ

3

ਐਂਟਰਲ (ਅੰਤੜੀਆਂ ਸੰਬੰਧੀ) ਸੰਬੰਧੀ ਪੰਪ ਫੀਡਿੰਗ

ਇਸ ਤਰੀਕੇ ਨਾਲ, ਇੱਕ ਮਸ਼ੀਨ ਬੈਗ ਤੋਂ ਫਾਰਮੂਲੇ ਨੂੰ G-ਟਿਊਬ ਦੇ ਰਾਹੀਂ ਪੇਟ ਵਿੱਚ ਪੰਪ ਕਰਦੀ ਹੈ। ਤੁਹਾਡੇ ਬੱਚੇ ਨੂੰ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਪਹਿਲਾਂ ਐਂਟਰਲ ਸਪਲਾਈ ਕੰਪਨੀ ਨਾਲ ਪੰਪ ਬਾਰੇ ਸਿਖਲਾਈ ਦਾ ਪ੍ਰਬੰਧ ਕੀਤਾ ਜਾਵੇਗਾ।

ਪੰਪ ਨਾਲ ਫੀਡਿੰਗਾਂ ਦੇਣ ਦੇ ਕਈ ਤਰੀਕੇ ਹਨ:

- **ਬੋਲਸ:** ਫੀਡਿੰਗ 30 ਮਿੰਟ ਤੋਂ ਕਈ ਘੰਟਿਆਂ ਦੌਰਾਨ ਦਿੱਤੀ ਜਾਂਦੀ ਹੈ
- **ਨਿਰੰਤਰ:** ਫੀਡਿੰਗਾਂ ਵਧੇਰੇ ਲੰਬੇ ਸਮੇਂ ਦੌਰਾਨ ਦਿੱਤੀਆਂ ਜਾਂਦੀਆਂ ਹਨ, ਉਦਾਹਰਨ ਲਈ ਰਾਤ ਭਰ ਜਾਂ ਪ੍ਰਤੀ ਦਿਨ 24 ਘੰਟੇ
- **ਚੱਕਰਵਾਰ:** ਫੀਡਿੰਗਾਂ ਵਧੇਰੇ ਲੰਬੇ ਸਮੇਂ ਦੌਰਾਨ ਦਿੱਤੀਆਂ ਜਾਂਦੀਆਂ ਹਨ ਅਤੇ ਵਿੱਚ ਬ੍ਰੇਕ ਲਏ ਜਾਂਦੇ ਹਨ

ਸਪਲਾਈਆਂ:

- ਫਾਰਮੂਲਾ (ਬੰਦ ਡੱਬੇ ਦੇ ਉਪਰਲੇ ਹਿੱਸੇ ਨੂੰ ਧੋਣਾ ਯਾਦ ਰੱਖੋ)
- ਪਾਣੀ
- ਪੰਪ ਅਤੇ ਫੀਡਿੰਗ ਬੈਗ
- ਪਾਣੀ ਫਲੱਸ਼ ਕਰਨ ਲਈ 5 ਜਾਂ 10 mL ਸਿਰਿੰਜ
- ਐਕਸਟੈਂਸ਼ਨ ਸੈੱਟ (ਜੇ ਵਰਤਿਆ ਜਾਂਦਾ ਹੈ)

ਪੰਪ ਨਾਲ ਫੀਡ ਕਰਨ ਲਈ ਕਦਮ:

1. ਹੱਥ ਧੋਵੋ
2. ਫੀਡਿੰਗ ਬੈਗ ਨੂੰ ਫਾਰਮੂਲੇ ਨਾਲ ਭਰੋ
3. ਫੀਡਿੰਗ ਬੈਗ ਨੂੰ ਪੰਪ ਨਾਲ ਜੋੜੋ ਅਤੇ ਪੰਪ ਦੀਆਂ ਹਿਦਾਇਤਾਂ ਅਨੁਸਾਰ ਪ੍ਰਾਈਮ ਕਰੋ
4. ਨਿਰਦੇਸ਼ਾਂ ਅਨੁਸਾਰ ਪੰਪ ਸੈਟਿੰਗਾਂ ਨੂੰ ਪ੍ਰੋਗਰਾਮ ਕਰੋ
5. ਐਕਸਟੈਂਸ਼ਨ ਸੈੱਟ (ਜੇ ਵਰਤਿਆ ਜਾਂਦਾ ਹੈ) ਨੂੰ G-ਟਿਊਬ ਨਾਲ ਜੋੜੋ ਅਤੇ ਪਾਣੀ ਨਾਲ ਫਲੱਸ਼ ਕਰੋ
6. ਪੰਪ ਟਿਊਬਿੰਗ ਨੂੰ G-ਟਿਊਬ ਜਾਂ ਐਕਸਟੈਂਸ਼ਨ ਸੈੱਟ ਨਾਲ ਜੋੜੋ
7. G-ਟਿਊਬ ਜਾਂ ਐਕਸਟੈਂਸ਼ਨ ਸੈੱਟ ਤੋਂ ਕਲੈਂਪ ਹਟਾਓ
8. ਪੰਪ ਚਾਲੂ ਕਰੋ ਅਤੇ ਯਕੀਨੀ ਬਣਾਓ ਕਿ ਫੀਡਿੰਗ ਸਹੀ ਤਰ੍ਹਾਂ ਨਾਲ ਸ਼ੁਰੂ ਹੋ ਗਈ ਹੈ
9. ਬੋਲਸ ਜਾਂ ਰਾਤ ਵੇਲੇ ਫੀਡਿੰਗ ਲਈ:
   - ਫੀਡਿੰਗ ਦੇ ਅੰਤ ਵਿੱਚ, G-ਟਿਊਬ/ਐਕਸਟੈਂਸ਼ਨ ਸੈੱਟ ਨੂੰ ਪਾਣੀ ਨਾਲ ਫਲੱਸ਼ ਕਰੋ
   - ਐਕਸਟੈਂਸ਼ਨ ਸੈੱਟ ਨੂੰ ਡਿਸਕਨੈਕਟ ਕਰੋ ਅਤੇ ਧੋ ਲਵੋ, ਅਤੇ ਹਵਾ ਵਿੱਚ ਸੁਕਣ ਦਿਓ
   - ਐਂਟਰਲ ਸਪਲਾਈ ਕੰਪਨੀ ਤੁਹਾਨੂੰ ਹਿਦਾਇਤਾਂ ਦੇਵੇਗੀ ਕਿ ਫੀਡਿੰਗ ਬੈਗ ਦੀ ਦੇਖਭਾਲ ਕਿਵੇਂ ਕਰਨੀ ਹੈ
   - ਹਰ 24 ਘੰਟੇ ਵਿੱਚ ਨਵਾਂ ਫੀਡਿੰਗ ਬੈਗ ਵਰਤੋ
10. ਲਗਾਤਾਰ ਜਾਂ ਚੱਕਰਵਾਰ ਫੀਡਿੰਗਾਂ ਲਈ:
    - ਐਂਟਰਲ ਸਪਲਾਈ ਕੰਪਨੀ ਤੁਹਾਨੂੰ ਹਿਦਾਇਤਾਂ ਦੇਵੇਗੀ ਕਿ ਫੀਡਿੰਗ ਬੈਗ ਦੀ ਦੇਖਭਾਲ ਕਿਵੇਂ ਕਰਨੀ ਹੈ
    - ਹਰ 24 ਘੰਟੇ ਵਿੱਚ ਨਵਾਂ ਫੀਡਿੰਗ ਬੈਗ ਵਰਤੋ
    - ਨਵਾਂ ਫੀਡਿੰਗ ਬੈਗ ਸੈੱਟ ਕਰਨ ਤੋਂ ਪਹਿਲਾਂ ਹਰ ਰੋਜ਼ ਐਕਸਟੈਂਸ਼ਨ ਸੈੱਟ (ਜੇਕਰ ਵਰਤਿਆ ਜਾਂਦਾ ਹੈ) ਨੂੰ ਡਿਸਕਨੈਕਟ ਕਰੋ ਅਤੇ ਧੋ ਲਵੋ
    - ਐਕਸਟੈਂਸ਼ਨ ਸੈੱਟ (ਜੇਕਰ ਵਰਤਿਆ ਜਾਂਦਾ ਹੈ) ਨੂੰ ਹਫ਼ਤਾਵਾਰ ਅਧਾਰ 'ਤੇ ਬਦਲੋ
11. ਕਿਸੇ ਵੀ ਅਣਵਰਤੇ ਫਾਰਮੂਲੇ ਨੂੰ ਫ੍ਰਿਜ ਵਿੱਚ ਰੱਖੋ ਅਤੇ 24 ਘੰਟਿਆਂ ਦੇ ਅੰਦਰ ਵਰਤ ਲਵੋ

"ਹਵਾ ਕੱਢਣੀ"

ਤੁਹਾਡੇ ਬੱਚੇ ਦੇ ਪੇਟ ਵਿੱਚ ਵਾਧੂ ਹਵਾ ਜਾਂ ਗੈਸ ਦੇ ਕਾਰਨ ਉਸਨੂੰ ਬੇਅਰਾਮੀ ਹੋ ਸਕਦੀ ਹੈ। ਵੈਂਟਿੰਗ ਨਾਲ ਪੇਟ ਤੋਂ ਹਵਾ ਬਾਹਰ ਨਿਕਲ ਜਾਂਦੀ ਹੈ। ਕੁਝ ਬੱਚਿਆਂ ਨੂੰ ਵਾਰ-ਵਾਰ ਅਤੇ/ਜਾਂ ਭੋਜਨ ਦੇ ਦੌਰਾਨ ਵੈਂਟਿੰਗ ਦੀ ਲੋੜ ਹੋ ਸਕਦੀ ਹੈ। ਤੁਹਾਡੀ ਸਿਹਤ ਸੰਭਾਲ ਟੀਮ ਫੈਰਲ ਬੈਗ ਸਿਸਟਮ ਦੀ ਵਰਤੋਂ ਕਰਨ ਦੀ ਵੀ ਸਿਫ਼ਾਰਿਸ਼ ਕਰ ਸਕਦੀ ਹੈ।

ਤੁਸੀਂ ਟਿਊਬ ਨੂੰ ਵੈਂਟ ਕਰ ਸਕਦੇ ਹੋ:

- ਫੀਡ ਤੋਂ ਪਹਿਲਾਂ ਅਤੇ ਬਾਅਦ
- ਡਾਇਪਰ ਬਦਲੀਆਂ ਦੇ ਨਾਲ
- ਲੋੜ ਅਨੁਸਾਰ

ਟਿਊਬ ਨੂੰ ਵੈਂਟ ਕਰਨ ਲਈ ਕਦਮ:

1. ਹੱਥ ਧੋਵੋ
2. 60 mL ਸਿਰਿੰਜ ਤੋਂ ਪਲੰਜਰ ਹਟਾਓ
3. ਸਿਰਿੰਜ (ਪਲੰਜਰ ਦੇ ਬਿਨਾ) ਨੂੰ ਕਲੈਂਪ ਕੀਤੀ ਗਈ ਫੀਡਿੰਗ ਟਿਊਬ ਜਾਂ ਐਕਸਟੈਂਸ਼ਨ ਸੈੱਟ ਨਾਲ ਜੋੜੋ
4. ਸਿਰਿੰਜ ਨੂੰ ਆਪਣੇ ਬੱਚੇ ਦੇ ਪੇਟ ਦੇ ਲੈਵਲ ਤੋਂ ਉੱਪਰ ਰੱਖੋ
5. ਟਿਊਬ ਜਾਂ ਐਕਸਟੈਂਸ਼ਨ ਸੈੱਟ ਤੋਂ ਕਲੈਂਪ ਹਟਾਓ
6. ਪੇਟ 'ਤੇ ਹਲਕਾ ਦਬਾਅ ਪਾਓ ਜਾਂ ਪੈਰਾਂ ਨੂੰ ਉੱਪਰ ਚੁੱਕੋ
7. ਵਾਧੂ ਹਵਾ ਬੁਲਬੁਲੇ ਦੇ ਰੂਪ ਵਿੱਚ ਉੱਪਰ ਸਿਰਿੰਜ ਵਿੱਚ ਆ ਜਾਵੇਗੀ। ਫਾਰਮੂਲਾ/ਪੇਟ ਦੀ ਸਮੱਗਰੀ ਦਾ ਸਿਰਿੰਜ ਵਿੱਚ ਉੱਪਰ ਉੱਠਣਾ ਸਧਾਰਨ ਹੈ
8. ਜੇ ਸਿਰਿੰਜ ਵਿੱਚ ਤਰਲ ਦਿਖਾਈ ਦੇਵੇ, ਤਾਂ ਟਿਊਬ/ਐਕਸਟੈਂਸ਼ਨ ਸੈੱਟ ਨੂੰ ਕਲੈਂਪ ਕਰਨ ਅਤੇ ਸਿਰਿੰਜ ਨੂੰ ਹਟਾਉਣ ਤੋਂ ਪਹਿਲਾਂ ਇਸਨੂੰ ਗੁਰੂਤਾ ਦੁਆਰਾ ਵਾਪਸ ਵਹਿਣ ਦਿਓ

ਦਵਾਈ ਦੇਣੀ

ਦਵਾਈ ਦੇਣ ਲਈ ਕਦਮ



1. ਹੱਥ ਧੋਵੋ
2. ਦਵਾਈਆਂ ਨੂੰ ਵੱਖ-ਵੱਖ ਸਿਰਿੰਜਾਂ ਵਿੱਚ ਭਰੋ
3. ਜੇ ਟਿਊਬਿੰਗ ਜਾਂ ਐਕਸਟੈਂਸ਼ਨ ਸੈੱਟ ਵਿੱਚ 2 ਪੋਰਟ ਹਨ, ਤਾਂ ਦਵਾਈ ਬਾਹਰ ਨਾ ਡੁੱਲ੍ਹਣ ਤੋਂ ਰੋਕਣ ਲਈ ਹਮੇਸ਼ਾ ਯਕੀਨੀ ਬਣਾਓ ਕਿ ਉਹ ਬੰਦ ਹਨ
4. ਐਕਸਟੈਂਸ਼ਨ ਸੈੱਟ ਨੂੰ ਪਾਣੀ ਨਾਲ ਪ੍ਰਾਈਮ ਕਰੋ
5. ਐਕਸਟੈਂਸ਼ਨ ਸੈੱਟ (ਜੇਕਰ ਵਰਤਿਆ ਜਾਂਦਾ ਹੈ) ਨੂੰ G-ਟਿਊਬ ਨਾਲ ਜੋੜੋ
6. ਦਵਾਈ ਵਾਲੀ ਸਿਰਿੰਜ ਨੂੰ G-ਟਿਊਬ/ਐਕਸਟੈਂਸ਼ਨ ਸੈੱਟ ਪੋਰਟ ਨਾਲ ਜੋੜੋ
7. G-ਟਿਊਬ/ਐਕਸਟੈਂਸ਼ਨ ਸੈੱਟ ਤੋਂ ਕਲੈਂਪ ਹਟਾਓ
8. ਦਵਾਈ ਪੋਰਟ ਰਾਹੀਂ ਦਵਾਈ ਦਿਓ। ਦਵਾਈ ਆਸਾਨੀ ਨਾਲ ਅੰਦਰ ਜਾਣੀ ਚਾਹੀਦੀ ਹੈ; ਜ਼ਬਰਦਸਤੀ ਨਾ ਕਰੋ
9. ਦਵਾਈਆਂ ਅਤੇ ਪਾਣੀ ਨਾਲ ਫਲੱਸ਼ ਕਰਨ ਦੇ ਦਰਮਿਆਨ ਕਲੈਂਪ ਕਰੋ
10. ਹਰੇਕ ਦਵਾਈ ਦੇ ਦਰਮਿਆਨ ਥੋੜ੍ਹੀ ਮਾਤਰਾ ਵਿੱਚ ਪਾਣੀ (1 ਤੋਂ 2mL) ਨਾਲ ਫਲੱਸ਼ ਕਰੋ
11. ਬਾਅਦ ਵਿੱਚ ਪਾਣੀ ਦੀ ਸੁਝਾਈ ਗਈ ਮਾਤਰਾ ਨਾਲ ਫਲੱਸ਼ ਕਰੋ
12. ਐਕਸਟੈਂਸ਼ਨ ਸੈੱਟ ਹਟਾਓ ਅਤੇ ਧੋ ਲਵੋ (ਜੇਕਰ ਵਰਤਿਆ ਗਿਆ ਹੋਵੇ)
13. ਸਿਰਿੰਜਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ ਅਤੇ ਹਵਾ ਵਿੱਚ ਸੁਕਣ ਦਿਓ

ਦਵਾਈਆਂ ਟਿਊਬ ਦੇ ਬੰਦ ਹੋਣ ਦਾ ਸਭ ਤੋਂ ਆਮ ਕਾਰਨ ਹਨ

ਟਿਊਬਾਂ ਦੇ ਬੰਦ ਹੋਣ ਤੋਂ ਬਚਣ ਲਈ:

- ਇੱਕ ਸਮੇਂ 'ਤੇ ਸਿਰਫ਼ ਇੱਕ ਹੀ ਦਵਾਈ ਦਿਓ
- ਦਵਾਈਆਂ ਦੇ ਦਰਮਿਆਨ ਅਤੇ ਬਾਅਦ ਵਿੱਚ ਪਾਣੀ ਫਲੱਸ਼ ਕਰੋ
- ਜਦ ਵੀ ਸੰਭਵ ਹੋ ਤਰਲ ਦਵਾਈਆਂ ਦੀ ਵਰਤੋਂ ਕਰੋ
- ਗੋਲੀਆਂ ਨੂੰ ਪੀਸਣ ਤੋਂ ਪਹਿਲਾਂ ਡਾਕਟਰ ਜਾਂ ਫਾਰਮਾਸਿਸਟ ਤੋਂ ਪਤਾ ਕਰੋ
- ਜੇ ਗੋਲੀਆਂ ਨੂੰ ਪੀਸ ਰਹੇ ਹੋ, ਤਾਂ ਬਾਰੀਕ ਪਾਊਡਰ ਬਣਾਓ ਅਤੇ ਗਰਮ ਪਾਣੀ ਵਿੱਚ ਮਿਲਾ ਕੇ ਘੋਲ ਲਵੋ
- ਜੇ ਦਵਾਈਆਂ ਗਾੜ੍ਹੀਆਂ ਹਨ ਤਾਂ ਪਾਣੀ ਵਿੱਚ ਪਤਲਾ ਕਰੋ
- ਦਵਾਈਆਂ ਨੂੰ ਵੱਖ-ਵੱਖ ਸਿਰਿੰਜਾਂ ਵਿੱਚ ਭਰੋ
- ਹਰੇਕ ਵਰਤੋਂ ਤੋਂ ਬਾਅਦ ਐਕਸਟੈਂਸ਼ਨ ਸੈੱਟ ਨੂੰ ਧੋਵੋ
- ਜੇ ਐਕਸਟੈਂਸ਼ਨ ਸੈੱਟ ਸਖ਼ਤ ਹੋ ਜਾਂਦਾ ਹੈ ਜਾਂ ਇਸਨੂੰ ਚੰਗੀ ਤਰ੍ਹਾਂ ਸਾਫ਼ ਨਹੀਂ ਕੀਤਾ ਜਾ ਸਕਦਾ ਤਾਂ ਇਸਨੂੰ ਸੁੱਟ ਦਿਓ
- ਐਕਸਟੈਂਸ਼ਨ ਸੈੱਟਾਂ ਨੂੰ ਹਫ਼ਤਾਵਾਰ ਅਧਾਰ 'ਤੇ ਬਦਲੋ

ਗੈਸਟ੍ਰੋਸਟੋਮੀ ਟਿਊਬ ਦੇ ਅਨੁਕੂਲ ਬਣਨ ਲਈ ਸੁਝਾਅ

- ਤੁਸੀਂ ਜਿਸ ਫੀਡਿੰਗ ਯੋਜਨਾ ਨਾਲ ਸ਼ੁਰੂ ਕਰੋਗੇ, ਉਹ ਸਮੇਂ ਦੇ ਨਾਲ ਬਦਲ ਜਾਵੇਗੀ
- ਸਿਹਤ-ਸੰਭਾਲ ਟੀਮ ਤੁਹਾਡੇ ਨਾਲ ਮਿਲ ਕੇ ਅਜਿਹੀ ਯੋਜਨਾ ਤਿਆਰ ਕਰੇਗੀ ਜੋ ਤੁਹਾਡੇ ਪਰਿਵਾਰ ਦੀਆਂ ਲੋੜਾਂ ਦੇ ਅਨੁਕੂਲ ਹੋਵੇ ਅਤੇ ਤੁਹਾਡੇ ਬੱਚੇ ਦੇ ਸਕੂਲ, ਅਪਾਇੰਟਮੈਂਟਾਂ ਅਤੇ ਨੀਂਦ ਦੇ ਕਾਰਜ-ਕਾਰਜਕ੍ਰਮ ਨਾਲ ਮੇਲ ਖਾਂਦੀ ਹੋਵੇ
- ਗਤੀਵਿਧੀ- ਪੇਟ ਦੇ ਬਲ ਲੇਟਣ ਸਮੇਤ ਜ਼ਿਆਦਾਤਰ ਗਤੀਵਿਧੀਆਂ ਦੀ ਇਜਾਜ਼ਤ ਹੈ
- ਜੇ ਤੁਹਾਡਾ ਬੱਚਾ ਫੀਡ ਖੁੰਝਾ ਦੇਵੇ ਤਾਂ ਆਪਣੀ ਟੀਮ ਨਾਲ ਪੁੱਛੋ ਕਿ ਕੀ ਕਰਨਾ ਹੈ। ਉਹ ਇਹ ਨਿਰਧਾਰਤ ਕਰਨ ਵਿੱਚ ਮਦਦ ਕਰ ਸਕਦੇ ਹਨ ਕਿ ਇਸ ਨੂੰ ਕਿੱਥੇ ਸਭ ਤੋਂ ਚੰਗੇ ਤਰੀਕੇ ਨਾਲ ਫਿੱਟ ਕੀਤਾ ਜਾ ਸਕਦਾ ਹੈ
- ਤਿਆਰ ਰਹੋ: ਹਮੇਸ਼ਾ ਯਕੀਨੀ ਬਣਾਓ ਕਿ ਤੁਹਾਡੇ ਕੋਲ ਕਾਫ਼ੀ ਮਾਤਰਾ ਵਿੱਚ ਫਾਰਮੂਲਾ ਅਤੇ ਸਪਲਾਈਆਂ ਹਨ
- ਜੇ ਤੁਹਾਡਾ ਬੱਚਾ ਮੂੰਹ ਰਾਹੀਂ ਭੋਜਨ ਨਹੀਂ ਲੈ ਰਿਹਾ ਹੈ, ਤਾਂ ਵੀ ਮੂੰਹ ਨੂੰ ਸਾਫ਼ ਰੱਖਣਾ ਮਹੱਤਵਪੂਰਨ ਹੈ
    - ਦਿਨ ਵਿੱਚ 2 ਵਾਰ ਬੁਰਸ਼ ਕਰੋ
    - ਦਿਨ ਵਿੱਚ 1 ਵਾਰ ਫਲੌਸ ਕਰੋ
    - ਨਵਜਾਤਾਂ ਲਈ, ਦਿਨ ਵਿੱਚ ਘੱਟੋ-ਘੱਟ ਇੱਕ ਵਾਰ ਨਰਮ ਗਿੱਲੇ ਕਪੜੇ ਨਾਲ ਮੂੰਹ ਅਤੇ ਦੰਦ ਪੂੰਝੋ

- ਤੁਹਾਡੇ ਬੱਚੇ ਨੂੰ ਮੂੰਹ ਦੀ ਵਰਤੋਂ ਕਰਨ ਅਤੇ ਪੇਟ ਭਰਨ ਦੇ ਵਿਚਕਾਰ ਸੰਬੰਧ ਬਣਾਈ ਰੱਖਣ ਦੀ ਲੋੜ ਹੈ। ਜੇ ਤੁਹਾਡੇ ਬੱਚੇ ਨੂੰ ਮੂੰਹ ਰਾਹੀਂ ਭੋਜਨ ਜਾਂ ਤਰਲ ਪਦਾਰਥ ਲੈਣ ਦੀ ਆਗਿਆ ਹੈ, ਤਾਂ ਹਰ ਵਾਰ ਜਦੋਂ ਉਸ ਨੂੰ ਟਿਊਬ ਫੀਡਿੰਗ ਦਿੱਤੀ ਜਾਂਦੀ ਹੈ, ਉਸ ਨੂੰ ਮੂੰਹ ਰਾਹੀਂ ਫੀਡਿੰਗਾਂ ਪੇਸ਼ ਕਰਨਾ ਮਹੱਤਵਪੂਰਨ ਹੈ।
  ਜੇ ਤੁਹਾਡਾ ਬੱਚਾ ਮੂੰਹ ਰਾਹੀਂ ਨਹੀਂ ਖਾ ਸਕਦਾ ਹੈ, ਤਾਂ ਟਿਊਬ ਫੀਡਿੰਗਾਂ ਦੇ ਦੌਰਾਨ ਮੌਖਿਕ ਉਤੇਜਨਾ (ਜਾਂ ਨਵਜਾਤਾਂ ਲਈ ਚੁੰਘਣੀ) ਦਿੱਤੀ ਜਾ ਸਕਦੀ ਹੈ
- ਆਪਣੇ ਬੱਚੇ ਨੂੰ ਮੌਖਿਕ ਵਿਕਾਸ ਮੁਹੱਈਆ ਕਰਨ ਦੇ ਹੋਰ ਤਰੀਕਿਆਂ ਬਾਰੇ ਆਪਣੀ ਸਿਹਤ-ਸੰਭਾਲ ਟੀਮ ਨਾਲ ਗੱਲਬਾਤ ਕਰੋ

ਲਾਗ ਨੂੰ ਰੋਕਣਾ:

- ਹਰ ਵਾਰ ਜਦੋਂ ਤੁਸੀਂ ਟਿਊਬ, ਫਾਰਮੂਲਾ ਜਾਂ ਸਪਲਾਈਆਂ ਨੂੰ ਹੱਥ ਲਾਉਂਦੇ ਹੋ ਤਾਂ ਆਪਣੇ ਹੱਥ ਧੋਵੋ
- ਆਪਣੀ ਐਂਟਰਲ ਸਪਲਾਈ ਕੰਪਨੀ ਦੀਆਂ ਹਿਦਾਇਤਾਂ ਮੁਤਾਬਕ ਫੀਡਾਂ ਦੇ ਵਿਚਕਾਰ ਬੈਗ ਨੂੰ ਧੋਵੋ ਜਾਂ ਫ੍ਰਿਜ ਵਿੱਚ ਰੱਖੋ
- ਹਰ ਰੋਜ਼ ਇੱਕ ਨਵਾਂ ਬੈਗ ਵਰਤੋ
- ਮੂੰਹ ਦੀ ਚੰਗੀ ਸਫਾਈ ਬੈਕਟੀਰੀਆ ਨੂੰ ਸਾਹ ਨਲੀ ਵਿੱਚ ਜਾਣ ਅਤੇ ਨਿਮੋਨੀਆ ਪੈਦਾ ਕਰਨ ਤੋਂ ਰੋਕਦੀ ਹੈ
- ਰਿਫਲਕਸ (ਉਲਟਾ ਵਹਾਉ) ਨੂੰ ਰੋਕਣ ਲਈ ਬੱਚੇ ਦੇ ਬਿਸਤਰੇ ਦਾ ਸਿਰ ਵਾਲਾ ਪਾਸਾ ਉੱਚਾ ਚੁੱਕੋ

ਟਿਊਬ ਨੂੰ ਸੁਰੱਖਿਅਤ ਕਰਨਾ

- ਟੇਪ
- ਟੇਪ ਅਤੇ ਟੈਬਾਂ ਨਾਲ ਕੱਪੜਿਆਂ 'ਤੇ ਪਿੰਨ ਕਰੋ
- ਨਵਜਾਤਾਂ ਨੂੰ ਵਨਸੀ (onesies) ਪਹਿਨਾਓ
- ਵੱਡੇ ਬੱਚਿਆਂ ਲਈ ਕਮੀਜ਼ ਨੂੰ ਪੈਂਟ ਅੰਦਰ ਕਰੋ
- Ace ਰੈਪ



ਤੁਹਾਡੀ G-ਟਿਊਬ ਨਾਲ ਸਮੱਸਿਆ ਦਾ ਨਿਵਾਰਨ

ਚਿੰਨ੍ਹ ਅਤੇ ਲੱਛਣ	ਸੰਭਾਵੀ ਸਮੱਸਿਆ	ਕੀ ਕਰਨਾ ਹੈ	ਕਿਵੇਂ ਬਚਣਾ ਹੈ
• ਨਵੀਂ ਲਗਾਈ ਗਈ G-ਟਿਊਬ ਬਾਹਰ ਨਿਕਲ ਜਾਂਦੀ ਹੈ	• ਦੁਰਘਟਨਾਵਸ਼ ਸਥਾਨ ਤੋਂ ਹੱਟ ਜਾਣਾ • ਗੁਬਾਰੇ ਵਿੱਚ ਖ਼ਰਾਬੀ	• ਭੈਭੀਤ ਨਾ ਹੋਵੋ • ਸੰਕਟਕਾਲੀ ਕਿੱਟ ਵੇਖੋ (ਪੰਨਾ 29) • ਤੁਰੰਤ ਆਪਣੇ ਡਾਕਟਰ ਨੂੰ ਸੂਚਿਤ ਕਰੋ • ਸੰਕਟਕਾਲੀ ਟਿਊਬ ਰਾਹੀਂ ਫੀਡ ਨਾ ਦਿਓ	• ਵਰਤੋਂ ਵਿੱਚ ਐਕਸਟੈਂਸ਼ਨ ਸੈੱਟ ਨੂੰ ਸੁਰੱਖਿਅਤ ਕਰੋ • ਵਰਤੋਂ ਵਿੱਚ ਨਾ ਹੋਣ 'ਤੇ ਐਕਸਟੈਂਸ਼ਨ ਸੈੱਟ ਨੂੰ ਹਟਾ ਦਿਓ • ਟਿਊਬ ਨੂੰ ਢੱਕੋ ਤਾਂ ਜੋ ਉਹ ਖਿੱਚੀ ਨਾ ਜਾ ਸਕੇ
• ਲਾਲੀ, ਜਲਨ, ਦਰਦ, ਖੂਨ ਵਗਣਾ (ਥੋੜ੍ਹੀ ਮਾਤਰਾ ਵਿੱਚ ਰਿਸਾਅ ਸਧਾਰਨ ਹੈ) 	• ਟਿਊਬ ਦੇ ਆਲੇ ਦੁਆਲੇ ਫਾਰਮੂਲੇ ਦਾ ਰਿਸਾਅ • ਟਿਊਬ ਤੇ ਘਰਸ਼ਣ ਜਾਂ ਖਿੱਚ • ਲਾਗ	• ਆਪਣੇ ਡਾਕਟਰ ਨੂੰ ਮਿਲਣ ਲਈ ਅਪਾਇੰਟਮੈਂਟ ਲਓ • ਸਟੋਮਾ ਦੇ ਆਲੇ ਦੁਆਲੇ ਦੀ ਚਮੜੀ 'ਤੇ ਬੈਰੀਅਰ ਕ੍ਰੀਮ ਦੀ ਵਰਤੋਂ ਕਰੋ	• ਹਰ ਵਾਰ ਟਿਊਬ ਨੂੰ ਹੱਥ ਲਾਉਣ ਤੋਂ ਬਾਅਦ ਹੱਥ ਧੋਣਾ ਯਕੀਨੀ ਬਣਾਓ • ਹਰ ਰੋਜ਼ ਚਮੜੀ ਦੀ ਜਾਂਚ ਕਰੋ • ਚਮੜੀ ਨੂੰ ਰੋਜ਼ਾਨਾ 1 ਤੋਂ 2 ਵਾਰ ਸਾਫ਼ ਕਰੋ • ਕੋਈ ਵੀ ਡ੍ਰੈਸਿੰਗ ਸਾਫ਼ ਅਤੇ ਸੁੱਕੀ ਰੱਖੋ • ਜੇ ਰਿਸਾਅ ਗਾੜ੍ਹਾ, ਪੀਲਾ/ਹਰਾ ਜਾਂ ਗੰਦੀ ਬਦਬੂ ਵਾਲਾ ਹੈ ਜਾਂ ਲਾਲੀ/ਜਲਨ ਫੈਲਦੀ ਹੋ ਤਾਂ ਆਪਣੇ ਡਾਕਟਰ ਨੂੰ ਸੂਚਿਤ ਕਰੋ
• ਸਾਈਟ ਤੇ ਰਿਸਾਅ	• ਪੇਟ ਬਹੁਤ ਭਰਿਆ ਹੋਇਆ ਹੈ • ਟਿਊਬ ਦੀ ਫਿਟਿੰਗ ਬਹੁਤ ਢਿੱਲੀ ਹੈ • ਗੁਬਾਰੇ ਦਾ ਪਾਣੀ ਨਿਕਲ ਗਿਆ ਹੈ • ਗੁਬਾਰਾ ਪੇਟ ਦੀ ਕੰਧ ਨਾਲ ਚਿਮੜਿਆ ਨਹੀਂ ਹੋਇਆ ਹੈ	• ਫੀਡਿੰਗ ਦੀ ਗਤੀ ਹੌਲੀ ਕਰ ਦਿਓ • ਗੁਬਾਰੇ ਵਿਚ ਪਾਣੀ ਦੀ ਮਾਤਰਾ ਦੀ ਜਾਂਚ ਕਰੋ • ਚਮੜੀ ਦੀ ਰੱਖਿਆ ਕਰਨ ਲਈ ਬੈਰੀਅਰ ਕ੍ਰੀਮ ਦੀ ਵਰਤੋਂ ਕਰੋ • ਰਿਸਾਅ ਨੂੰ ਸੋਖਣ ਕਰਨ ਲਈ ਡ੍ਰੈਸਿੰਗ ਦੀ ਵਰਤੋਂ ਕਰੋ (ਸਿਰਫ਼ ਥੋੜ੍ਹੇ ਸਮੇਂ ਦੇ ਹੱਲ)	• G-ਟਿਊਬ ਵਿੱਚੋਂ ਹਵਾ ਕੱਢੋ • ਯਕੀਨੀ ਬਣਾਓ ਕਿ ਗੁਬਾਰੇ ਵਿੱਚ ਸਹੀ ਮਾਤਰਾ ਵਿੱਚ ਪਾਣੀ ਹੈ
• ਉਲਟੀ/ਉੱਬਤ ਅਤੇ/ਜਾਂ ਪੇਟ ਫੁੱਲਣਾ	• ਫੀਡਿੰਗ ਪ੍ਰਤੀ ਅਸਹਿਣਸ਼ੀਲਤਾ • ਬਹੁਤ ਜ਼ਿਆਦਾ ਹਵਾ ਜਾਂ ਗੈਸ • ਪੇਟ ਬਹੁਤ ਭਰਿਆ ਹੋਇਆ ਹੈ	• ਫੀਡਾਂ ਜਾਂ ਦਵਾਈ ਦੇਣ ਤੋਂ ਪਹਿਲਾਂ ਅਤੇ ਬਾਅਦ G-ਟਿਊਬ ਵਿੱਚੋਂ ਹਵਾ ਕੱਢੋ • ਹੌਲੀ ਫੀਡ • ਹਰੇਕ ਫੀਡਿੰਗ ਵਿੱਚ ਦਿੱਤੀ ਜਾਣ ਵਾਲੀ ਮਾਤਰਾ ਨੂੰ ਘਟਾਓ (ਸਮਾਨ ਰੋਜ਼ਾਨਾ ਮਾਤਰਾ ਦੇਣ ਲਈ ਵਾਧੂ ਫੀਡ ਦੇਣ ਦੀ ਲੋੜ ਪੈ ਸਕਦੀ ਹੈ)	• G-ਟਿਊਬ ਵਿੱਚੋਂ ਹਵਾ ਕੱਢੋ (ਪੰਨਾ 20 ਦੇਖੋ) • ਆਪਣੇ ਬੱਚੇ ਦੇ ਬੇਅਰਾਮ ਹੋਣ ਦੇ ਸ਼ੁਰੂਆਤੀ ਸੰਕੇਤਾਂ 'ਤੇ ਧਿਆਨ ਦਿਓ • ਜੇ ਹਿਦਾਇਤ ਦਿੱਤੀ ਜਾਵੇ ਤਾਂ ਫੈਰਲ ਬੈਗ ਦੀ ਵਰਤੋਂ ਕਰੋ
• ਬੰਦ ਹੋ ਗਈ G-ਟਿਊਬ	• G-ਟਿਊਬ ਵਿੱਚ ਦਵਾਈ/ਫਾਰਮੂਲਾ ਅਟਕਣਾ	• ਕੋਸੇ ਪਾਣੀ ਵਾਲੀ ਸਿਰਿੰਜ ਜੋੜੋ • G-ਟਿਊਬ ਵਿੱਚੋਂ ਰੁਕਾਵਟ ਹਟਾਉਣ ਲਈ ਹੌਲੀ ਧੱਕੋ-ਖਿੱਚੋ ਵਿਧੀ ਦੀ ਵਰਤੋਂ ਕਰੋ • ਹਰ 10-15 ਮਿੰਟ ਵਿੱਚ ਦੁਹਰਾਓ • ਜੇ ਤੁਸੀਂ ਰੁਕਾਵਟ ਨੂੰ ਦੂਰ ਨਹੀਂ ਕਰ ਸਕਦੇ ਹੋ ਤਾਂ ਆਪਣੇ ਡਾਕਟਰ ਨੂੰ ਕਾੱਲ ਕਰੋ	• ਸਹੀ ਤਰੀਕੇ ਨਾਲ ਦਵਾਈਆਂ ਦਿਓ • ਦਵਾਈ ਦੇਣ ਤੋਂ ਪਹਿਲਾਂ ਅਤੇ ਬਾਅਦ ਚੰਗੀ ਤਰ੍ਹਾਂ ਫਲੱਸ਼ ਕਰੋ • G-ਟਿਊਬ ਵਿੱਚ ਰੁਕਾਵਟ ਤੋਂ ਬਚਣ ਲਈ ਸੁਝਾਵਾਂ ਵਾਸਤੇ ਪੰਨਾ 21 ਦੇਖੋ
• ਸਟੋਮਾ ਦੇ ਆਲੇ-ਦੁਆਲੇ ਵਾਧੂ ਗੁਲਾਬੀ ਜਾਂ ਲਾਲ ਟਿਸ਼ੂ 	• ਹਾਈਪਰਗ੍ਰੈਨੂਲੇਸ਼ਨ ਟਿਸ਼ੂ	• ਖ਼ਤਰਨਾਕ ਨਹੀਂ • ਬਹੁਤ ਆਮ ਹੈ • ਡਾਕਟਰ ਇਲਾਜ ਕਰਨ ਦਾ ਫੈਸਲਾ ਕਰ ਸਕਦੇ ਹਨ	• ਘਰਸ਼ਣ ਨੂੰ ਘਟਾਉਣ ਲਈ G-ਟਿਊਬ/ਐਕਸਟੈਂਸ਼ਨ ਸੈੱਟ ਨੂੰ ਹਰ ਸਮੇਂ ਸਥਿਰ ਰੱਖੋ • G-ਟਿਊਬ 'ਤੇ ਖਿੱਚ ਪੈਣ ਤੋਂ ਰੋਕੋ • ਸਟੋਮਾ ਨੂੰ ਸਾਫ਼ ਅਤੇ ਖ਼ੁਸ਼ਕ ਰੱਖੋ • ਹਰ ਰੋਜ਼ ਸਾਬਣ ਅਤੇ ਪਾਣੀ ਨਾਲ ਸਾਫ਼ ਕਰੋ

ਮਹੱਤਵਪੂਰਨ ਪਰਿਭਾਸ਼ਾਵਾਂ

ਪੇਟ: ਫੇਫੜਿਆਂ ਦੇ ਹੇਠਾਂ ਸਰੀਰ ਦਾ ਉਹ ਖੇਤਰ ਜਿਸ ਵਿੱਚ ਪੇਟ, ਆਂਦਰਾਂ, ਜਿਗਰ ਅਤੇ ਹੋਰ ਅੰਗ ਹੁੰਦੇ ਹਨ

ਐਸਪੀਰੇਸ਼ਨ: ਗਲਤੀ ਨਾਲ ਤਰਲ ਪਦਾਰਥ (ਜਿਵੇਂ ਕਿ ਪੇਟ ਵਿਚਲੀ ਸਮੱਗਰੀ ਜਾਂ ਫਾਰਮੂਲਾ) ਦਾ ਸਾਹ ਦੀ ਨਲੀ ਅਤੇ/ਜਾਂ ਫੇਫੜਿਆਂ ਵਿੱਚ ਚਲੇ ਜਾਣਾ

ਬੋਲਸ: G-ਟਿਊਬ ਦੇ ਮਾਧਿਅਮ ਨਾਲ ਦਿੱਤਾ ਗਿਆ ਵੱਡੀ ਮਾਤਰਾ ਵਿੱਚ ਫਾਰਮੂਲਾ

ਐਂਟਰਲ ਨਿਊਟ੍ਰਿਸ਼ਨ (ਪੋਸ਼ਣ): ਫੀਡਿੰਗ ਟਿਊਬ ਰਾਹੀਂ ਸਿੱਧਾ ਪੇਟ ਜਾਂ ਆਂਦਰਾਂ ਵਿੱਚ ਭੋਜਨ ਦੇਣਾ

ਭੋਜਨ ਨਲੀ: ਮਾਸਪੇਸ਼ੀ ਵਾਲੀ ਨਲੀ ਜੋ ਮੂੰਹ ਨੂੰ ਪੇਟ ਨਾਲ ਜੋੜਦੀ ਹੈ

ਫੋਂਟੇਨਲ ਜਾਂ ਨਰਮ ਸਥਾਨ: ਬੱਚੇ ਦੇ ਸਿਰ 'ਤੇ ਉਹ ਖੇਤਰ ਜਿੱਥੇ ਖੋਪੜੀ ਹਾਲੇ ਵਿਕਸਿਤ ਨਹੀਂ ਹੋਈ ਹੈ

ਫਲੱਸ਼: G-ਟਿਊਬ ਵਿਚਲੇ ਫਾਰਮੂਲਾ ਜਾਂ ਦਵਾਈ ਨੂੰ ਖਾਲੀ ਕਰਕੇ ਪੇਟ ਵਿੱਚ ਪਹੁੰਚਾਉਣ ਲਈ ਵਰਤੀ ਜਾਣ ਵਾਲੀ ਤਰਲ ਦੀ ਮਾਤਰਾ

ਗੁਰੂਤਾ: ਅਜਿਹਾ ਬਲ ਜਿਸ ਕਰਕੇ ਤਰਲ ਪਦਾਰਥ ਉੱਚੇ ਬਿੰਦੂ ਤੋਂ ਨੀਵੇਂ ਬਿੰਦੂ ਵੱਲ ਵਹਿੰਦਾ ਹੈ

ਪ੍ਰਾਈਮ: ਟਿਊਬਿੰਗ ਨੂੰ ਤਰਲ ਨਾਲ ਭਰਨਾ

ਦਰ: ਫਾਰਮੂਲਾ ਕਿੰਨੀ ਤੇਜ਼ੀ ਨਾਲ ਦਿੱਤਾ ਜਾਂਦਾ ਹੈ; ਉਦਾਹਰਨ ਲਈ, ਪ੍ਰਤੀ ਘੰਟਾ ਮਿਲੀਲੀਟਰ ਦੀ ਮਾਤਰਾ

ਰਿਫਲਕਸ (ਉਲਟਾ ਵਹਾਉ): ਪੇਟ ਵਿਚਲੀ ਸਮੱਗਰੀ ਦਾ ਉੱਪਰ ਭੋਜ-ਨਲੀ ਵਿੱਚ ਚਲੇ ਜਾਣਾ

ਸਟੋਮਾ: ਸਰਜੀਕਲ ਮੋਰੀ ਜਿਸ ਰਾਹੀਂ ਫੀਡਿੰਗ ਟਿਊਬ ਸਰੀਰ ਵਿੱਚ ਦਾਖਲ ਹੁੰਦੀ ਹੈ

ਟ੍ਰੈਕਟ: ਗੈਸਟ੍ਰੋਸਟੋਮੀ ਟਿਊਬ ਦੇ ਆਲੇ ਦੁਆਲੇ ਬਣਨ ਵਾਲਾ ਪੇਟ ਤੋਂ ਪੇਟ ਦੀ ਕੰਧ ਤੱਕ ਦਾ ਮਾਰਗ

ਵੈਂਟ/ਵੈਂਟਿੰਗ: ਪੇਟ ਵਿੱਚੋਂ ਹਵਾ ਜਾਂ ਗੈਸ ਨੂੰ ਬਾਹਰ ਕੱਢਣਾ

ਅਕਸਰ ਪੁੱਛੇ ਜਾਂਦੇ ਸਵਾਲ

ਕੀ ਮੇਰਾ ਬੱਚਾ ਤੈਰਾਕੀ ਕਰ ਸਕਦਾ ਹੈ ਜਾਂ ਨਹਾ ਸਕਦਾ ਹੈ?

- 2 ਹਫ਼ਤਿਆਂ ਬਾਅਦ, ਗੈਸਟ੍ਰੋਸਟੋਮੀ ਮਾਰਗ ਇੰਨਾ ਠੀਕ ਹੋ ਜਾਣਾ ਚਾਹੀਦਾ ਹੈ ਕਿ ਤੁਹਾਡਾ ਬੱਚਾ ਨਹਾ ਸਕਦਾ ਹੈ ਜਾਂ ਕਲੋਰੀਨ ਵਾਲੇ ਪਾਣੀ (ਪੂਲ) ਵਿੱਚ ਤੈਰ ਸਕਦਾ ਹੈ
- 4 ਹਫ਼ਤਿਆਂ ਬਾਅਦ, ਤੁਹਾਡਾ ਬੱਚਾ ਝੀਲਾਂ, ਦਰਿਆਵਾਂ ਜਾਂ ਸਮੁੰਦਰ ਵਿੱਚ ਤੈਰ ਸਕਦਾ ਹੈ
- ਤੈਰਾਕੀ ਦੇ ਤੁਰੰਤ ਬਾਅਦ ਗੈਸਟ੍ਰੋਸਟੋਮੀ ਸਾਈਟ ਨੂੰ ਸਾਫ਼ ਕਰੋ
- ਪਾਣੀ ਰਿਸ ਕੇ ਤੁਹਾਡੇ ਬੱਚੇ ਦੇ ਪੇਟ ਵਿੱਚ ਜਾ ਸਕਦਾ ਹੈ। ਇਹ ਜ਼ਿਆਦਾਤਰ ਬੱਚਿਆਂ ਲਈ ਠੀਕ ਹੈ
- ਜੇ ਤੁਸੀਂ ਚਾਹੋ ਤਾਂ G-ਟਿਊਬ ਨੂੰ ਇੱਕ ਵੱਡੀ Band-Aid ਨਾਲ ਢੱਕ ਸਕਦੇ ਹੋ

ਕੀ ਮੇਰਾ ਬੱਚਾ ਗੈਸਟ੍ਰੋਸਟੋਮੀ 'ਤੇ ਲੇਟ ਸਕਦਾ ਹੈ?

- ਹਾਂ, ਜਦੋਂ ਉਹ ਸਥਾਨ ਪੂਰੀ ਤਰ੍ਹਾਂ ਠੀਕ ਹੋ ਜਾਏ ਅਤੇ ਸੰਵੇਦਨਸ਼ੀਲ ਨਾ ਰਹੇ
- ਬੱਚੇ 'ਟਮੀ ਟਾਈਮ' ਲਈ ਪੇਟ ਭਾਰ ਲੇਟ ਸਕਦੇ ਹਨ
- ਵੱਡੇ ਬੱਚੇ ਪੇਟ ਭਾਰ ਸੌਂ ਸਕਦੇ ਹਨ

G-ਟਿਊਬ ਘਰੇਲੂ ਐਮਰਜੈਂਸੀ ਕਿਟ

ਮੋਰੀ 2 ਘੰਟਿਆਂ ਵਿੱਚ ਬੰਦ ਹੋਣੀ ਸ਼ੁਰੂ ਹੋ ਜਾਵੇਗੀ, ਅਤੇ 24 ਘੰਟਿਆਂ ਵਿੱਚ ਪੂਰੀ ਤਰ੍ਹਾਂ ਬੰਦ ਹੋ ਸਕਦੀ ਹੈ, ਇਸ ਲਈ ਵਰਤੋਂ ਲਈ ਕਿਟ ਨੂੰ ਤਿਆਰ ਰੱਖਣਾ ਮਹੱਤਵਪੂਰਨ ਹੈ।

ਜੇ G-ਟਿਊਬ ਬਾਹਰ ਨਿਕਲ ਜਾਵੇ ਤਾਂ ਕੀ ਕਰਨਾ ਹੈ

ਭੈਭੀਤ ਨਾ ਹੋਵੋ। *ਤੁਰੰਤ ਡਾਕਟਰ ਨੂੰ ਕਾੱਲ ਕਰੋ।*

ਜੇ G-ਟਿਊਬ ਹਾਲ ਹੀ ਵਿੱਚ ਲਗਾਈ ਗਈ ਹੈ, ਅਤੇ ਤੁਸੀਂ ਹਾਲੇ ਤਕ ਬੱਚਿਆਂ ਦੇ ਗੈਸਟ੍ਰੋਐਂਟ੍ਰੋਲੋਜੀ (GI) ਕਲੀਨਿਕ ਵਿੱਚ ***ਨਹੀਂ*** ਗਏ ਹੋ, ਤਾਂ ਬੱਚਿਆਂ ਦੀ ਸਰਜਰੀ ਨੂੰ **916-734-7844** 'ਤੇ ਕਾੱਲ ਕਰੋ। ਸ਼ਾਮ 5 ਵਜੇ ਤੋਂ ਬਾਅਦ ਜਾਂ ਵੀਕਐਂਡ 'ਤੇ ਜਾਂ ਛੁੱਟੀਆਂ ਦੇ ਦਿਨ, ਹਸਪਤਾਲ ਦੇ ਆਪਰੇਟਰ ਨੂੰ **916-734-2011** 'ਤੇ ਕਾੱਲ ਕਰੋ ਅਤੇ ਆਨ-ਕਾੱਲ ਬੱਚਿਆਂ ਦੀ ਸਰਜਰੀ ਨੂੰ ਪੇਜ ਕਰਨ ਲਈ ਕਹੋ।

ਜੇ ਤੁਹਾਨੂੰ ਬੱਚਿਆਂ ਦੇ ਗੈਸਟ੍ਰੋਐਂਟ੍ਰੋਲੋਜਿਸਟ ਦੁਆਰਾ ਦੇਖਿਆ ***ਗਿਆ ਹੈ,*** ਪਰ ਹਾਲੇ ਤੱਕ G-ਟਿਊਬ ਨੂੰ ਬਦਲਣ ਦਾ ਤਰੀਕਾ ਨਹੀਂ ਸਿੱਖਿਆ ਹੈ, ਤਾਂ ਬੱਚਿਆਂ ਦੇ GI ਕਲੀਨਿਕ ਨੂੰ **916-734-5912** 'ਤੇ ਕਾੱਲ ਕਰੋ। ਸ਼ਾਮ 5 ਵਜੇ ਤੋਂ ਬਾਅਦ ਜਾਂ ਵੀਕਐਂਡ 'ਤੇ ਜਾਂ ਛੁੱਟੀਆਂ ਦੇ ਦਿਨ, ਹਸਪਤਾਲ ਦੇ ਆਪਰੇਟਰ ਨੂੰ **916-734-2011** 'ਤੇ ਕਾੱਲ ਕਰੋ ਅਤੇ ਆਨ-ਕਾੱਲ ਬੱਚਿਆਂ ਦੇ ਗੈਸਟ੍ਰੋਐਂਟ੍ਰੋਲੋਜਿਸਟ ਨੂੰ ਪੇਜ ਕਰਨ ਲਈ ਕਹੋ।

ਜੇਕਰ ਤੁਸੀਂ ਫੋਨ ਦੁਆਰਾ ਡਾਕਟਰ ਨਾਲ ਸੰਪਰਕ ਨਹੀਂ ਕਰ ਸਕਦੇ ਹੋ, ਤਾਂ ਸਭ ਤੋਂ ਨੇੜਲੇ ਐਮਰਜੈਂਸੀ ਰੂਮ ਵਿੱਚ ਜਾਓ।

ਐਮਰਜੈਂਸੀ ਟਿਊਬ ਰਾਹੀਂ ਫੀਡਿੰਗਾਂ ਜਾਂ ਦਵਾਈਆਂ ਨਾ ਦਿਓ

- ਤੁਹਾਡੀ ਐਮਰਜੈਂਸੀ ਕਿਟ ਵਿੱਚ 2 ਬਦਲਵੀਆਂ ਐਮਰਜੈਂਸੀ ਟਿਊਬਾਂ ਹੋਣਗੀਆਂ।
- ਇੱਕ ਟਿਊਬ ਤੁਹਾਡੇ ਬੱਚੇ ਦੀ ਗੈਸਟ੍ਰੋਸਟੋਮੀ ਟਿਊਬ ਵਾਲੇ ਹੀ ਆਕਾਰ ਦੀ ਹੁੰਦੀ ਹੈ ਅਤੇ ਦੂਜੀ ਟਿਊਬ ਇੱਕ ਆਕਾਰ ਛੋਟੀ ਹੁੰਦੀ ਹੈ।
- ਸਟੋਮਾ ਅਤੇ ਗੈਸਟ੍ਰੋਸਟੋਮੀ ਮਾਰਗ ਨੂੰ ਖੁੱਲ੍ਹਾ ਰੱਖਣ ਲਈ ਐਮਰਜੈਂਸੀ ਟਿਊਬ ਪਾਈ ਜਾਂਦੀ ਹੈ
- ਹਮੇਸ਼ਾ ਆਪਣੇ ਬੱਚੇ ਨਾਲ ਕਿਟ ਰੱਖੋ
- ਕਦੇ ਵੀ ਟਿਊਬ ਨੂੰ ਸਟੋਮਾ ਵਿੱਚ ਜ਼ਬਰਦਸਤੀ ਨਾ ਪਾਓ। ਜੇ ਲੋੜ ਹੋਵੇ ਤਾਂ ਇੱਕ ਆਕਾਰ ਛੋਟੀ ਟਿਊਬ ਅਜ਼ਮਾਓ।
- ਐਮਰਜੈਂਸੀ ਟਿਊਬ ਪਾਉਣ ਵਿੱਚ 10-15 ਮਿੰਟ ਤੋਂ ਵੱਧ ਸਮਾਂ ਨਾ ਲਓ
- ਐਮਰਜੈਂਸੀ ਟਿਊਬ 'ਤੇ ਗੁਬਾਰੇ ਨੂੰ ਨਾ ਫੁਲਾਓ

ਸਪਲਾਈਆਂ:

- 2 ਟਿਊਬਾਂ, 1 ਮੌਜੂਦਾ G-ਟਿਊਬ ਦੇ ਆਕਾਰ ਦੀ ਅਤੇ 1 ਉਸ ਤੋਂ ਛੋਟੀ ਆਕਾਰ ਦੀ (ਇਸ ਟਿਊਬ ਨੂੰ ਅਕਸਰ ਫੋਲੇ ਕਿਹਾ ਜਾਂਦਾ ਹੈ)
- ਪਾਣੀ ਵਿੱਚ ਘੁਲਣਸ਼ੀਲ ਚਿਕਨਾਈ ਵਾਲੀ ਜੈਲੀ
- ਟੇਪ
- ਕੈਥਿਟਰ ਪਲੱਗ



ਕਦਮ:

1. ਘਬਰਾਓ ਨਾ!
2. ਆਪਣੇ ਹੱਥ ਧੋਵੋ
3. ਐਮਰਜੈਂਸੀ ਟਿਊਬ ਦੇ ਸਿਰੇ 'ਤੇ ਪਾਣੀ ਵਿੱਚ ਘੁਲਣਸ਼ੀਲ ਚਿਕਨਾਈ ਵਾਲੀ ਜੈਲੀ ਦੀ ਥੋੜ੍ਹੀ ਮਾਤਰਾ ਪਾਓ
4. ਐਮਰਜੈਂਸੀ ਟਿਊਬ ਨੂੰ ਹੌਲੀ-ਹੌਲੀ ਸਟੋਮਾ ਵਿੱਚ 2-3 ਇੰਚ ਤੱਕ ਪਾਓ
5. ਟਿਊਬ ਨੂੰ ਚਮੜੀ 'ਤੇ ਟੇਪ ਨਾਲ ਚਿਪਕਾ ਦਿਓ ਤਾਂ ਜੋ ਉਹ ਬਾਹਰ ਨਾ ਨਿਕਲੇ
6. ਐਮਰਜੈਂਸੀ ਟਿਊਬ ਰਾਹੀਂ ਕੁਝ ਵੀ ਨਾ ਦਿਓ (ਫਾਰਮੂਲਾ, ਪਾਣੀ ਜਾਂ ਦਵਾਈਆਂ)
7. ਡਾਕਟਰ ਨੂੰ ਕਾੱਲ ਕਰੋ ਜਾਂ ਨੇੜਲੇ ਐਮਰਜੈਂਸੀ ਰੂਮ ਵਿੱਚ ਜਾਓ

ਮਹੱਤਵਪੂਰਨ ਜਾਣਕਾਰੀ

ਮਹੱਤਵਪੂਰਨ ਨੁਕਤੇ

- ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦੇ ਅਧਿਆਪਕ, ਸਕੂਲ ਨਰਸ ਅਤੇ ਸਰੀਰਕ ਸਿੱਖਿਆ ਦੇ ਅਧਿਆਪਕ ਗੈਸਟ੍ਰੋਸਟੋਮੀ ਟਿਊਬ ਦੇ ਬਾਰੇ ਜਾਣਦੇ ਹੋਣ
- ਹਮੇਸ਼ਾ ਆਪਣਾ ਐਮਰਜੈਂਸੀ ਕਿਟ ਨਾਲ ਰੱਖੋ
- ਮਿਆਦ ਸਮਾਪਤ ਹੋ ਚੁੱਕੀਆਂ ਦਵਾਈਆਂ ਨਾ ਵਰਤੋਂ ਨਾ ਕਰੋ

ਮਦਦ ਲਈ ਕਿਸ ਨੂੰ ਕਾੱਲ ਕਰਨੀ ਹੈ

ਡਾਕਟਰ/ਕਲੀਨਿਕ: ______________________________

ਪ੍ਰਦਾਤਾ ਜੋ ਐਂਟਰਲ ਸਪਲਾਈ ਦਾ ਆਰਡਰ ਦਿੰਦਾ ਹੈ: ______________________________

ਐਂਟਰਲ ਸਪਲਾਈ ਕੰਪਨੀ: ______________________________

ਗੈਸਟ੍ਰੋਸਟੋਮੀ ਬਾਰੇ ਜਾਣਕਾਰੀ:



ਕਿਸਮ ______________________________

ਨਿਰਮਾਤਾ ______________________________

ਆਕਾਰ ______________________________

ਲੰਬਾਈ (ਸਿਰਫ਼ MIC-KEY ਟਿਊਬ) ______________________________

ਸੈਂਟੀਮੀਟਰ ਨਿਸ਼ਾਨ (ਸਿਰਫ਼ PEG ਟਿਊਬ) ______________________________

ਮਹੱਤਵਪੂਰਨ ਜਾਣਕਾਰੀ

ਜੇ ਤੁਹਾਡੇ ਬੱਚੇ ਵਿੱਚ ਪਾਣੀ ਦੀ ਕਮੀ ਦੇ ਚਿੰਨ੍ਹ ਅਤੇ ਲੱਛਣ ਦਿਖਣ ਤਾਂ ਆਪਣੇ ਡਾਕਟਰ ਨਾਲ ਸੰਪਰਕ ਕਰੋ:

- ਛੋਟੇ ਬੱਚਿਆਂ ਲਈ 12 ਘੰਟਿਆਂ ਤੱਕ ਪਿਸ਼ਾਬ ਨਾ ਕਰਨਾ
- ਨਵਜਾਤਾਂ ਲਈ 8 ਘੰਟਿਆਂ ਤੱਕ ਪਿਸ਼ਾਬ ਨਾ ਕਰਨਾ
- ਬਿਨਾਂ ਹੰਝੂਆਂ ਦੇ ਰੋਣਾ
- ਬਹੁਤ ਖੁਸ਼ਕ ਮੂੰਹ ਜਾਂ ਫਟੇ ਹੋਏ ਬੁੱਲ੍ਹ
- ਧਸਿਆ ਹੋਇਆ ਨਰਮ ਸਥਾਨ (1 ਸਾਲ ਤੋਂ ਘੱਟ ਉਮਰ ਦੇ ਨਵਜਾਤ)
- ਤੁਹਾਡੇ ਬੱਚੇ ਨੂੰ ਆਮ ਨਾਲੋਂ ਜ਼ਿਆਦਾ ਨੀਂਦ ਆਉਂਦੀ ਹੈ

ਨੋਟ

ਨੋਟ

UC DAVIS HEALTH | CHILDREN'S HOSPITAL

2315 Stockton Blvd.

Sacramento, CA 95817

800-UCD-4-KIDS (800-823-4543)

children.ucdavis.edu

Children's Miracle Network Hospitals

ਸਾਨੂੰ Facebook 'ਤੇ ਲੱਭੋ

ਭਾਈਵਾਲ Partner

ਇਸ ਪੁਸਤਕ ਦੀ ਵਾਧੂ ਕਾਪੀਆਂ ਲਈ:

ਕਿਰਪਾ ਕਰਕੇ children.ucdavis.edu 'ਤੇ ਰੋਗੀ ਅਤੇ ਪਰਿਵਾਰ ਲਈ ਸਿੱਖਿਆ A-Z 'ਤੇ ਜਾਓ

MPEC ਸੰਸ਼ੋਧਨ: 12/19